RNI Registration No: PUNPUN/2015/61118


SO KAHIYAT HAI SOORA (MONTHLY)
Volume 9 Issue 02
February 2023, S.A.S. Nagar (Mohali)

ਫਰਵਰੀ 2023
ਮਾਘ-ਫੱਗਣ
੫੫੪ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ







## ਭਾਰੀ ਭੁਜਾਨ ਕੋ ਭਾਰੀ ਭਰੋਸੋ

## ਸਿੱਖ ਫ਼ੌਜੀ ਲੋਰ-ਟੋਪ ਕਿਉਂ ਪਾਉਣ ?

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਅਰਦਾਸ

ਅਰਦਾਸ ਦਾ ਰਿਵਾਜ਼ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਬਾਬਾ ਨਾਨਕ ਜੀ ਜਦ ਇਕ ਵਾਰੀ ਤਲਵੰਡੀ ਤੋਂ ਸੁਲਤਾਨਪੁਰ ਜਾਣ ਲਈ ਤਿਆਰ ਹੋਏ, ਤਾਂ ਰਾਏ ਬੁਲਾਰ ਨੇ ਉਨ੍ਹਾਂ ਨੂੰ ਸੱਦਾ-ਪੱਤਰ ਘੱਲ ਕੇ ਆਪਣੇ ਘਰ ਪ੍ਰੀਤੀ-ਭੋਜਨ ਅਤੇ ਬਚਨ-ਬਿਲਾਸ ਲਈ ਬੁਲਾਇਆ। ਜਦ ਬਾਬਾ ਜੀ ਉਸ ਪਾਸੋਂ ਵਿਦਾ ਹੋਣ ਲੱਗੇ ਤਾਂ ਰਾਏ ਬੁਲਾਰ ਨੇ ਪੁੱਛਿਆ, "ਸ੍ਰੀ ਨਾਨਕ ਜੀ, ਤੁਸੀਂ ਹੁਣ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਮੁੜ ਕਦੋਂ ਦਰਸ਼ਨ ਹੋਣ, ਇਸ ਲਈ ਕੋਈ ਉਪਦੇਸ਼ ਕਰ ਜਾਓ।" ਬਾਬਾ ਜੀ ਨੇ ਉਸ ਦਾ ਪ੍ਰੇਮ ਵੇਖ ਕੇ ਉਸ ਨੂੰ ਉੱਤਰ ਦਿੱਤਾ "ਰਾਇ ਜੀ! ਸਾਡੀ ਸਿੱਖਿਆ ਇਹੀ ਹੈ ਕਿ ਜਦ ਤੁਹਾਡਾ ਬਲ ਕੰਮ ਨਾ ਕਰੇ ਤਾਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਦੀ ਸ਼ਰਨੀ ਪੈ ਜਾਣਾ ਤੇ ਅਰਦਾਸ ਕਰਨੀ।"

# SO KAHIYAT HAI SOORA
(Monthly)

**RNI NO: PUNPUN/2015/61118**

Volume 9 Issue 02



ਸਰਪ੍ਰਸਤ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

ਕਾਰਜਕਾਰੀ ਸੰਪਾਦਕ

**ਭਾਈ ਮਨਵੀਰ ਸਿੰਘ**

ਕਾਨੂੰਨੀ ਸਲਾਹਕਾਰ

**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

ਸਲਾਹਕਾਰ ਬੋਰਡ

**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**


## ਸੰਪਾਦਕੀ

# ਗੁਰਮਤਿ ਅਨੁਸਾਰ ਰਾਜ ਧਰਮ

ਰਾਜਨੀਤੀ ਸ਼ਬਦ ਉਨ੍ਹਾਂ ਨਿਯਮਾਂ, ਸਿਧਾਂਤਾਂ ਅਤੇ ਪੱਧਤੀਆਂ ਦਾ ਸੂਚਕ ਹੈ, ਜਿਨ੍ਹਾਂ ਅਨੁਸਾਰ ਕੋਈ ਰਾਜਾ ਆਪਣੇ ਦੇਸ਼ 'ਤੇ ਰਾਜ ਕਰਦਾ ਹੈ। ਮੌਜੂਦਾ ਸਮੇਂ ਰਾਜਨੀਤੀ 'ਚ ਇਖਲਾਕੀ ਪੱਧਰ ਅਤੇ ਰਾਜ ਧਰਮ ਦੀ ਪਾਲਣਾ ਨਾ ਹੋਣ ਕਾਰਨ ਰਾਜਨੀਤੀ ਸ਼ਬਦ ਨਫ਼ਰਤ ਦਾ ਪਾਤਰ ਅਤੇ ਲੋਕ ਵਿਰੋਧੀ ਸੂਚਕ ਬਣ ਗਿਆ ਹੈ।

ਮਨੁੱਖੀ ਇਤਿਹਾਸ ਵਿਚ ਰਾਜ ਦੀ ਪ੍ਰਣਾਲੀ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਸੁਚੱਜੇ ਰਾਜ ਨੂੰ ਚਲਾਉਣ ਲਈ ਸ਼ੁਰੂ ਤੋਂ ਰਾਜੇ ਜਾਂ ਹਾਕਮ ਨੀਤੀ ਸ਼ਾਸਤਰਾਂ ਤੋਂ ਅਗਵਾਈ ਲੈਂਦੇ ਰਹੇ ਹਨ। ਰਾਜੇ-ਮਹਾਰਾਜਿਆਂ ਵਲੋਂ ਆਪਣੇ ਦਰਬਾਰ ਵਿਚ ਪੰਡਤਾਂ, ਕਾਜ਼ੀਆਂ, ਬੁੱਧੀਜੀਵੀਆਂ ਜਾਂ ਕਵੀਆਂ-ਵਿਦਵਾਨਾਂ ਨੂੰ ਰੱਖਣ ਦੀ ਪਰੰਪਰਾ ਵੀ ਇਸ ਦੀ ਗਵਾਹੀ ਭਰਦੀ ਹੈ ਕਿ ਰਾਜ ਨੂੰ ਚਲਾਉਣ ਲਈ ਰਾਜੇ ਹਮੇਸ਼ਾ ਚੰਗੀ ਅਗਵਾਈ ਲੋੜਦੇ ਰਹੇ ਹਨ। ਬੇਸ਼ੱਕ ਕਈ ਰਾਜਿਆਂ ਦੇ ਕਾਲ 'ਚ ਧਾਰਮਿਕ ਸਲਾਹਕਾਰਾਂ ਦੇ ਪ੍ਰਭਾਵ ਕਾਰਨ ਕੱਟੜਤਾ ਜਾਂ ਜਬਰ ਜ਼ੁਲਮ ਵੀ ਹੋਏ, ਪਰ ਸਹੀ ਅਰਥਾਂ 'ਚ ਧਰਮ ਤੋਂ ਰਾਜ ਦੀ ਅਗਵਾਈ ਲੈਣ ਦਾ ਭਾਵ; ਸਰਬ-ਸਾਂਝੇ, ਕਲਿਆਣਕਾਰੀ ਰਾਜ ਪ੍ਰਬੰਧ ਤੋਂ ਹੈ।

ਗੁਰਮਤਿ ਵਿਚ 'ਰਾਜ' ਬਾਰੇ ਬ੍ਰਹਿਮੰਡੀ ਜੁਗਤ ਅਤੇ ਅਗਵਾਈ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਆਪਣੇ ਸਮਕਾਲੀ ਰਾਜਨੀਤਕ ਹਾਲਾਤਾਂ ਦਾ ਵਿਸ਼ਲੇਸ਼ਣ ਕੀਤਾ, ਉਥੇ ਉਨ੍ਹਾਂ ਨੇ ਹਾਕਮਾਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਕੀਤਾ। ਗੁਰੂ ਜੀ ਨੇ ਸਮਕਾਲੀ ਰਾਜਨੀਤਕ ਹਾਲਾਤਾਂ ਨੂੰ ਇਉਂ ਬਿਆਨ ਕੀਤਾ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਗੁਰੂ ਜੀ ਨੇ ਨਾ-ਸਿਰਫ਼ ਰਾਜਿਆਂ ਨੂੰ ਉਨ੍ਹਾਂ ਦੇ ਗਿਰੀਵਾਨ 'ਚ ਝਾਤੀ ਮਰਵਾਈ ਸਗੋਂ ਉਨ੍ਹਾਂ ਦੇ ਫ਼ਰਜ਼ਾਂ ਦਾ ਵੀ ਅਹਿਸਾਸ ਕਰਵਾਇਆ। ਗੁਰੂ ਸਾਹਿਬ ਨੇ 'ਰਾਜ-ਧਰਮ' ਦਾ ਮੁੱਢਲਾ ਫ਼ਰਜ਼ 'ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ' ਦੱਸਿਆ। ਜ਼ੋਰ-ਜ਼ੁਲਮ ਨੂੰ ਹੀ ਰਾਜ ਕਰਨ ਦੀ ਸਮਰੱਥਾ ਸਮਝਣ ਵਾਲੇ ਹਾਕਮਾਂ ਨੂੰ ਗੁਰੂ ਸਾਹਿਬ ਨੇ ਅਸਲੀ ਹਾਕਮ ਦੀ ਯੋਗਤਾ ਇਉਂ ਦੱਸੀ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥

ਗਿਆਨ ਰਤਨਾਵਲੀ ਅਨੁਸਾਰ ਮੀਰ ਬਾਬਰ ਦੀ ਬੇਨਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਉਪਦੇਸ਼ ਦਿੱਤਾ, "ਧਰਮ ਦਾ ਨਿਆਉਂ ਕਰਨਾ, ਬਜ਼ੁਰਗਾਂ ਦੀ ਖ਼ਿਦਮਤ ਕਰਨੀ, ਗ਼ਰੀਬਾਂ ਨਾਲ ਵੰਡ ਖਾਣਾ, ਅਰ ਖ਼ੁਦਾਇ ਦੀ ਬੰਦਗੀ ਕਰਨੀ ਤਾਂ ਤੁਹਾਡਾ ਰਾਜ ਥਿਰ ਰਹੇਗਾ।"

ਗੁਰਮਤਿ ਵਿਚਲੇ ਰਾਜ ਸੰਕਲਪ ਦੀ ਵਿਲੱਖਣਤਾ ਇਹ ਹੈ ਕਿ ਇਹ ਰਾਜ ਸੱਤਾ ਨੂੰ ਕਿਸੇ ਇਕ ਮਨੁੱਖ, ਕਿਸੇ ਇਕ ਵਰਗ ਜਾਂ ਕਿਸੇ ਇਕ ਬਿਰਾਦਰੀ ਦੀ ਮਲਕੀਅਤ ਨਹੀਂ ਮੰਨਦਾ। ਰਾਜ ਸੱਤਾ ਦਾ ਅਸਲੀ ਮਾਲਕ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ। ਇਸੇ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਸਿੱਕਾ ਆਪਣਾ ਨਹੀਂ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂਅ ਦਾ ਚਲਾਇਆ। 'ਬੇਗਮਪੁਰਾ' ਅਤੇ 'ਹਲੇਮੀ ਰਾਜ' ਦਾ ਗੁਰਮਤਿ ਵਿਚਲਾ ਸੰਕਲਪ ਇਕ ਅਜਿਹੇ ਰਾਜ ਦੀ ਸਿਰਜਣਾ ਕਰਦਾ ਹੈ, ਜਿਹੜਾ ਮਜ਼੍ਹਬ, ਜਾਤ, ਰੰਗ ਅਤੇ ਨਸਲ ਤੋਂ ਨਿਰਲੇਪ ਅਤੇ ਤੰਗਦਸਤੀਆਂ ਵਾਲੇ ਭੈੜੇ ਰਾਜ ਤੋਂ ਪਰਾਂ ਦੀ ਗੱਲ ਕਰਦਾ ਹੈ, ਭੈਅ, ਦੁੱਖ ਤੇ ਚਿੰਤਾ ਦਾ ਜਿੱਥੇ ਨਾਂਅ-ਨਿਸ਼ਾਨ ਤੱਕ ਨਾ ਹੋਵੇ। ਇਸ ਰਾਜ ਵਿਚ ਰਾਜਾ ਤੇ ਪਰਜਾ, ਦੋਵੇਂ ਪਰਮਾਤਮਾ ਦੇ ਭੈਅ ਵਿਚ ਵਿਚਰਦੇ ਹੋਣ। ਲੋਕ ਇਕ-ਦੂਜੇ ਨੂੰ ਪਿਆਰ ਕਰਦੇ ਹੋਣ। ਸਭ ਰਲ-ਮਿਲ ਕੇ, ਇਕ ਦੂਜੇ ਦੇ ਹੋ ਕੇ ਹਰ ਕਿਸੇ ਦਾ ਦੁੱਖ-ਸੁੱਖ ਵੰਡਾਉਣ। ਨਾ ਉਥੇ ਮਾਲ-ਅਸਬਾਬ ਨੂੰ ਕੋਈ ਮਹਿਸੂਲ ਤੇ ਖ਼ਤਰਾ ਹੋਵੇ।


ਮੁੱਖ ਦਫ਼ਤਰ
**ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


### ਬੇਨਤੀ

**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ
**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ
ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੰਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

# ਸੋ ਕਹੀਅਤ ਹੈ ਸੂਰਾ

ਅੰਕ : ੨ ਸਾਲ : ੯ ਫਰਵਰੀ ੨੦੨੩

ਮਾਘ-ਫੱਗਣ, ੫੫੪ ਨਾਨਕਸ਼ਾਹੀ

**ਨਿਰੋਲ ਧਾਰਮਿਕ ਮਾਸਿਕ ਪੱਤਰ**


'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।

### ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> **"ਆਪਣੀ ਮਾਂ-ਬੋਲੀ ਨੂੰ ਤਿਆਗਣਾ, ਹਜ਼ਾਰਾਂ ਸਾਲਾਂ ਦੇ ਹੋਏ ਇਤਿਹਾਸਕ ਵਿਕਾਸ ਨੂੰ ਨਿਕਾਰਨਾ ਹੈ। ਇਹੋ ਜੇਹੀ ਮੂਰਖਤਾ ਮਾਨਸਿਕ ਤੌਰ 'ਤੇ ਗ਼ੁਲਾਮ ਲੋਕ ਹੀ ਕਰ ਸਕਦੇ ਹਨ। ਅਮੀਰ ਤੇ ਮਧ ਵਰਗੀ ਸਿਖਾਂ ਸਮੇਤ ਪੰਜਾਬ ਦੇ ਲੋਕ ਇਹੀ ਮੂਰਖਤਾ ਕਰ ਰਹੇ ਹਨ।**
>
> - ਪ੍ਰੋ. ਪੂਰਨ ਸਿੰਘ ਜੀ


| | |
|---|---|
| ਗੁਰਮਤਿ ਗੌਰਵਤਾ-੭੦<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 06 |
| ਅਰਦਾਸ ਦਾ ਫ਼ਲਸਫ਼ਾ<br>ਡਾ. ਜਸਵੰਤ ਸਿੰਘ ਨੇਕੀ | 09 |
| ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਮੋਲਕ ਵਿਚਾਰ<br>ਭਾਈ ਹਰਭਜਨ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ | 13 |
| ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 14 |
| ਅਬ ਮੋਹਿ ਖੂਬ ਵਤਨਗਹ ਪਾਈ<br>ਗੁਰਮੇਲ ਸਿੰਘ ਗਿਆਸਪੁਰਾ | 16 |
| ਗੁਰਮਤਿ ਆਹਾਰ ਬਿਬੇਕ ਪਰਿਭਾਸ਼ਾ ਅਤੇ ਲੋੜ<br>ਭਾਈ ਕੁਲਬੀਰ ਸਿੰਘ ਟੋਰਾਂਟੋ | 19 |
| ਸਿਰਜਣ ਵਾਲੇ ਸਿੱਖ ਫ਼ੌਜੀ ਲੋਹ-ਟੋਪ ਕਿਉਂ ਪਾਉਣ ?<br>ਤਲਵਿੰਦਰ ਸਿੰਘ ਬੁੱਟਰ | 25 |
| ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ<br>ਗੁਰਸਾਗਰ ਸਿੰਘ | 29 |

**ਨਾਨਕਹੁਕਮੁਵਰਤੈਖਸਮਕਾਮਤਿਭਵੀਫਿਰਹਿਚਲਚਿਤ ॥**
**ਮਨਮੁਖਸਉਕਰਿਦੋਸਤੀਸੁਖਕਿਪੁਛਹਿਮਿਤ ॥**
**ਗੁਰਮੁਖਸਉਕਰਿਦੋਸਤੀਸਤਿਗੁਰਸਉਲਾਇਚਿਤੁ ॥**
**ਜੰਮਣਮਰਣਕਾਮੂਲੁਕਟੀਐਤਾਂਸੁਖੁਹੋਵੀਮਿਤ ॥੬੬ ॥ ( ॥੬੭ ॥)**
**(ਸਲੋਕ ਮਹਲਾ ੩, ਅੰਗ: ੧੪੨੧)**

# ਅਰਥ ਵਿਚਾਰ

ਗੁਰੂ ਸਾਹਿਬ ਜੀ ਆਪਣੀ ਮੋਹਰ ਛਾਪ ਲਾ ਕੇ ਫ਼ੁਰਮਾਉਂਦੇ ਹਨ ਕਿ (ਸਭ ਪਾਸੇ) ਖ਼ਸਮ ਦਾ ਹੁਕਮ ਵਰਤ ਰਿਹਾ ਹੈ (ਪਰ ਤੂੰ ਹੇ ਜਗਿਆਸੂ ਸਿੱਖ) ਪੁੱਠੀ ਮਤਿ (ਮਤਿ ਭਵੀ) ਕਰਕੇ ਚੰਚਲ-ਚਿੱਤ (ਚਲ ਚਿਤ) ਹੋਇਆ ਫਿਰ ਰਿਹਾ ਹੈਂ। ਹੇ ਮਿੱਤਰ! ਤੂੰ ਮਨਮੁਖ ਨਾਲ ਦੋਸਤੀ ਕਰਦਾ ਹੈਂ, ਫ਼ੇਰ ਸੁੱਖ ਕਿਉਂ ਮੰਗ (ਪੁੱਛ) ਰਿਹਾ ਹੈਂ, ਭਾਵ ਸੁੱਖ ਦੀ ਉਮੀਦ ਨਾ ਕਰ। ਗੁਰਮੁਖਾਂ ਨਾਲ ਦੋਸਤੀ ਕਰ ਅਤੇ (ਉਹਨਾਂ ਦੀ ਸੰਗਤ ਵਿਚ) ਸਤਿਗੁਰੂ ਨਾਲ ਚਿੱਤ ਲਾ। (ਅਖੀਰਲੀ ਪੰਕਤੀ ਵਿਚ ਗੁਰਮੁਖਾਂ ਦੀ ਸੰਗਤ ਦਾ ਸਦਕਾ, ਸਤਿਗੁਰੂ ਨਾਲ ਚਿੱਤ ਲਾਉਣ ਦਾ ਫ਼ਲ ਦੱਸਦੇ ਹੋਏ ਫ਼ੁਰਮਾਉਂਦੇ ਹਨ), ਇਸ ਤਰ੍ਹਾਂ ਜੰਮਣ ਮਰਣ ਦਾ ਜੋ ਮੂਲ (ਹਉਮੈ) ਹੈ, ਉਹ ਕੱਟਿਆ ਜਾਂਦਾ ਹੈ, ਅਤੇ ਫ਼ੇਰ ਸੁੱਖ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਉਪਰ ਦਰਜ ਸਲੋਕ ਵਿਚ ਗੁਰਮਤਿ ਦੇ ਅਹਿਮ ਅਸੂਲਾਂ ਦਾ ਇੰਕਸ਼ਾਫ਼ ਕਰਦੇ ਹੋਏ ਜਗਿਆਸੂ ਸਿੱਖ ਤਾਂਈਂ ਉਪਦੇਸ਼ ਕਰਦੇ ਹਨ ਕਿ, ਹੇ ਮਿੱਤਰ! ਤੂੰ ਭਵੀ ਮਤਿ ਕਰਕੇ ਚੰਚਲ-ਚਿੱਤ ਹੋਇਆ ਫ਼ਿਰ ਰਿਹਾ ਹੈਂ। ਦੂਸਰੀ ਪੰਕਤੀ ਵਿਚ ਭਵੀ ਮਤਿ ਦਾ ਕਾਰਨ ਦੱਸਦੇ ਹਨ ਕਿ ਮਨਮੁਖਾਂ ਨਾਲ ਦੋਸਤੀ ਕਰਨ ਕਰਕੇ, ਉਹਨਾਂ ਨਾਲ ਵਿਹਾਰ ਕਰਨ ਕਰਕੇ, ਉਹਨਾਂ ਦੀ ਸੰਗਤ ਕਰਨ ਕਰਕੇ, ਤੇਰੀ ਮਤਿ ਭਵੀ ਹੋਈ ਹੈ, ਤੇਰਾ ਚਿੱਤ ਚਲ ਚਿਤ ਹੈ ਅਤੇ ਤੂੰ ਇਸ ਅਵਸਥਾ ਵਿਚ ਹੋਣ ਕਰਕੇ ਸੁੱਖ ਦੀ ਉਮੀਦ ਕਿਉਂ ਰੱਖਦਾ ਹੈਂ। ਤੀਸਰੀ ਪੰਕਤੀ ਵਿਚ ਸੁਖ ਉਪਜਾਉਣ ਦਾ ਅਤੇ ਜੰਮਣ-ਮਰਣ ਦੇ ਮੂਲ, ਭਾਵ ਹਉਮੈ ਰੋਗ ਨੂੰ ਮਿਟਾਉਣ ਦਾ ਇਕ ਬਹੁਤ ਹੀ ਸਰਲ ਤਰੀਕਾ ਦੱਸਦੇ ਹਨ ਕਿ, ਹੇ ਮਿੱਤਰ! ਗੁਰਮੁਖਾਂ ਨਾਲ ਦੋਸਤੀ ਕਰ, ਭਾਵ ਉਹਨਾਂ ਦੀ ਸੰਗਤ ਕਰ ਅਤੇ ਉਹਨਾਂ ਦੀ ਸੰਗਤ ਦਾ ਸਦਕਾ ਸਤਿਗੁਰੂ ਨਾਲ ਚਿੱਤ ਲਾ, ਭਾਵ ਸਤਿਗੁਰੂ ਦੇ ਉਪਦੇਸ਼ ਨਾਲ ਚਿੱਤ ਲਾ, ਭਾਵ ਨਾਮ-ਗੁਰਬਾਣੀ ਨਾਲ ਚਿਤ ਲਾ।

ਉਪਰੋਕਤ ਗੁਰਬਾਣੀ ਦੇ ਮਹਾਂਵਾਕ ਨਾਲ ਇਹ ਸਿੱਧ ਹੋ ਜਾਂਦਾ ਹੈ ਕਿ ਜਦੋਂ ਤੱਕ ਅਸੀਂ ਅੰਮ੍ਰਿਤ ਛਕ ਕੇ ਪੁਰਾਣੀਆਂ ਦੋਸਤੀਆਂ, ਪੁਰਾਣੀਆਂ ਸੁਸਾਇਟੀਆਂ ਤਜ ਕੇ, ਭਗਤਾਂ ਗੁਰਮੁਖਾਂ ਦੀ ਸੰਗਤ ਵਿਚ ਜੁੜ ਕੇ, ਨਾਮ-ਗੁਰਬਾਣੀ ਨਾਲ ਚਿੱਤ ਨਹੀਂ ਲਾਵਾਂਗੇ, ਉਦੋਂ ਤੱਕ ਨਾ ਤਾਂ ਆਵਾਗਉਣ ਦੇ ਮੂਲ, ਭਾਵ ਹਉਮੈ ਦਾ ਵਿਨਾਸ਼ ਹੋਣਾ ਹੈ ਅਤੇ ਨਾ ਹੀ ਉਦੋਂ ਤੱਕ ਸਾਨੂੰ ਸੁੱਖ ਦੀ ਪ੍ਰਾਪਤੀ ਹੋਣੀ ਹੈ। ਅੱਜ ਤਕਰੀਬਨ ਸਾਰਾ ਹੀ ਪੰਥ ਇਸ ਹੁਕਮ ਵਲੋਂ ਆਕੀ ਹੋਇਆ ਫ਼ਿਰ ਰਿਹਾ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਖ਼ਾਲਸਾ ਪੰਥ ਇਕ ਮਿਲਗੋਭਾ ਪੰਥ ਬਣ ਰਿਹਾ ਹੈ। ਅੰਮ੍ਰਿਤਧਾਰੀ ਗੁਰੂ ਕੇ ਸਿੱਖ ਅੱਜ ਨੜੀਮਾਰਾਂ, ਕੁੜੀਮਾਰਾਂ, ਸਿਰਗੁੰਮਾਂ ਅਤੇ ਨਿਗੁਰਿਆਂ ਨਾਲ ਖੁੱਲ੍ਹਮ-ਖੁੱਲ੍ਹਾ ਅਭੇਦ ਹੋਇ ਫ਼ਿਰ ਰਹੇ ਹਨ। ਉਹ ਜ਼ਰਾ ਵੀ ਨਹੀਂ ਸੰਗਦੇ ਜਦੋਂ ਉਹ ਤੰਬਾਕੂਖੋਰ ਨਿਗੁਰੇ ਲੋਕਾਂ ਕੋਲੋਂ ਰੇਹੜੀਆਂ, ਢਾਬਿਆਂ 'ਤੇ ਬੈਠ ਕੇ ਉਹਨਾਂ ਦਾ ਪਕਾਇਆ ਹੋਇਆ ਭੋਜਨ ਛਕਦੇ ਹਨ। ਅੰਮ੍ਰਿਤਧਾਰੀ ਗੁਰਸਿੱਖ ਅੱਜ ਆਮ ਹੀ ਮਨਮੁਖਾਂ ਵਾਂਗ ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ 'ਤੇ ਰਾਤ ਦੇਰ ਤੱਕ ਸ਼ਿਰਕਤ ਕਰਦੇ ਹਨ ਅਤੇ ਸਾਕਤਾਂ, ਸ਼ਰਾਬੀਆਂ, ਕਬਾਬੀਆਂ ਅਤੇ ਸ਼ਬਾਬ ਦੇ ਮਤਿਆਂ ਹੋਇਆਂ ਸ਼ੁਦਾਈਆਂ ਨਾਲ ਨੱਚਣਾ ਬੜਾ ਫ਼ਖਰ ਸਮਝਦੇ ਹਨ। ਜੇਕਰ ਕੋਈ ਭੈ-ਭਾਵਨੀ ਵਾਲਾ ਗੁਰਸਿੱਖ ਅਜਿਹਾ ਨਾ ਕਰੇ, ਭਾਵ ਸਾਕਤਾਂ, ਸ਼ਰਾਬੀਆਂ ਦੀਆਂ ਮਹਿਫ਼ਲਾਂ ਵਿਚ ਜਾਣ ਤੋਂ ਗੁਰੇਜ਼ ਕਰੇ ਤਾਂ ਉਸ ਨੂੰ ਪਿਛਾਂਹ-ਖਿੱਚੂ ਦਾ ਨਾਂਅ ਦੇ ਕੇ ਛੇੜਿਆ ਜਾਂਦਾ ਹੈ। ਜ਼ਮਾਨੇ ਦੇ ਇਸ ਪੁੱਠੇ ਗੇੜ ਨੂੰ ਦੇਖ ਕੇ ਅਸਚਰਜ ਹੁੰਦਾ ਹੈ ਕਿ ਕਲਿਜੁਗ ਦਾ ਕੈਸਾ ਨੰਗਾ ਨਾਚ ਸ਼ਰ੍ਹੇਆਮ ਹੋ ਰਿਹਾ ਹੈ।

ਗੁਰੂ ਸਾਹਿਬ ਜੀ ਦੇ ਬਚਨ ਅਟੱਲ ਹਨ ਅਤੇ ਤ੍ਰੈਕਾਲ ਸਤਿ ਹਨ। ਜਦੋਂ ਤੱਕ ਅਸੀਂ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਾਂਗੇ, ਉਦੋਂ ਤੱਕ ਕਦੇ ਵੀ ਸਾਡਾ ਤੇਜ-ਪ੍ਰਤਾਪ ਦੁਨੀਆ ਵਿਚ ਜ਼ਾਹਰ ਨਹੀਂ ਹੋਵੇਗਾ ਅਤੇ ਅਸੀਂ ਉਦੋਂ ਤੱਕ ਖੁਆਰ ਹੀ ਹੁੰਦੇ ਰਹਾਂਗੇ। ਅੰਮ੍ਰਿਤਧਾਰੀ ਹੋਣ ਤੋਂ ਬਾਅਦ ਨਾ ਸਾਡੀ ਸਾਕਤ ਸੁਸਾਇਟੀ ਬਦਲਦੀ ਹੈ ਅਤੇ ਨਾ ਸਾਡੀਆਂ ਮਨਮੁਖੀ ਆਦਤਾਂ ਬਦਲਦੀਆਂ ਹਨ, ਤਾਂ ਦੱਸੋ ਸਾਡੀ ਚੜ੍ਹਦੀ ਕਲਾ ਕਿਵੇਂ ਹੋਵੇ? ਇਸ ਵਿਚਾਰ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਕਿਸੇ ਨੂੰ ਨਫ਼ਰਤ ਕਰਨੀ ਹੈ, ਬਲਕਿ ਭਾਵ ਇਹ ਲੈਣਾ ਹੈ ਕਿ ਅਸੀਂ ਗੁਰ-ਹੁਕਮਾਂ ਅਨੁਸਾਰ ਕੁ-ਸੰਗਤ ਦਾ ਤਿਆਗ ਕਰਨਾ ਹੈ ਅਤੇ ਗੁਰਮੁਖਾਂ ਭਗਤਾਂ ਦੀ ਸੰਗਤ ਕਰਕੇ ਆਪਣਾ ਜੀਵਨ ਸਫਲ ਬਣਾਉਣਾ ਹੈ।▪▪

## ਗੁਰਮਤਿ ਸੱਚਾ ਤੇ ਸਦੀਵੀ ਧਰਮ

### ਅਰਥਾਤ

# ਗੁਰਮਤਿ ਗੌਰਵਤਾ -੧੦

### ਜਿਸ ਵਿਚ

## ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

### ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ

**ਸੰਤੋਖੇ ਜੋਗੀ ਦੀ ਕਹਾਣੀ**

**ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥**
**ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧ ॥**
**ਅਲਹ ਰਾਮ ਜੀਵਉ ਤੇਰੇ ਨਾਈ ॥ ਤੂ ਕਰਿ ਮਿਹਰਾਮਤਿ ਸਾਈ ॥੧ ॥ਰਹਾਉ ॥**
**ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥**
**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥੨ ॥**
**ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥**
**ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥੩ ॥**
**ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥**
**ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥੪ ॥**
**ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ ॥**
**ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥੫ ॥**
**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬ ॥੨ ॥**



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

**(ਪ੍ਰਭਾਤੀ ਕਬੀਰ ਜੀ, ਪੰਨਾ: ੧੩੪੯)**

ਇਸ ਗੁਰਵਾਕ ਦੁਆਰਾ ਹਿੰਦੂ ਮੁਸਲਮਾਨਾਂ ਦਾ ਪਰਪੰਚ ਭੇਖ ਦਰਸਾਇਆ ਗਿਆ ਹੈ। ਯਥਾ ਵਿਆਖਿਆ-

ਤੁਰਕ ਮੁਸਲਮਾਨ ਤਾਂ ਇਕ ਪ੍ਰਕਾਰ ਦੇ ਇਸ ਗੱਲ ਦੇ ਹਿਮੈਤੀ ਹਨ ਕਿ ਉਨ੍ਹਾਂ ਦਾ ਪੂਜ ਅੱਲ੍ਹਾ ਕੇਵਲ ਮਸੀਤ ਅੰਦਰ ਹੀ ਮੁਕਈਅਦ (ਕੈਦ) ਹੈ। ਜੇਕਰ ਉਹ ਕੇਵਲ ਮਸੀਤ ਵਿਚ ਹੀ ਵਸਦਾ ਹੈ ਤਾਂ ਵਾਹਿਗੁਰੂ ਵਿਆਪਕ ਨ ਰਿਹਾ। ਹੋਰ ਮਨੁਖ ਕਿਸ ਦੇ ਹੋਣਗੇ? ਵਾਹਿਗੁਰੂ ਬਿਹੂਣੇ ਹੀ ਹੋਣਗੇ। ਹਿੰਦੂ ਮਤ ਦੇ ਖ਼ਿਆਲ ਵਿਚ ਜਿਸ ਮੂਰਤੀ ਨੂੰ ਪੂਜਦੇ ਹਨ ਉਸੇ ਮੂਰਤੀ ਵਿਚ ਹੀ ਵਾਹਿਗੁਰੂ ਦੇ ਨਾਮ ਦਾ ਵਾਸਾ ਹੁੰਦਾ ਹੈ, ਇਹ ਹਿੰਦੂਆਂ ਦਾ ਫੋਕਟ ਅਗਿਆਨ ਭਰਿਆ ਅਭਿਪਰਾ ਹੈ। ਤਾਂ ਤੇ ਨਾ ਹੀ ਤੁਰਕਾਂ ਦੇ ਖ਼ਿਆਲ ਅਨੁਸਾਰ ਤੇ ਨਾ ਹੀ ਹਿੰਦੂ-ਮੱਤੀਆਂ ਦੇ ਮਤ ਅਨੁਸਾਰ ਤੱਤ ਪ੍ਰਮਾਰਥ ਨਜ਼ਰ ਆਉਂਦਾ ਹੈ। ਗੁਰਮਤਿ ਅਨੁਸਾਰ ਵਾਹਿਗੁਰੂ ਨਾਮ ਦੇ ਤੱਤ ਸਿਧਾਂਤ ਅੰਦਰ ਰਾਮ ਅਤੇ ਖ਼ੁਦਾ ਦੇ ਸੰਕੇਤਕ ਕ੍ਰਿਤਮ ਨਾਮ ਆ ਜਾਂਦੇ ਹਨ। ਤਾਂ ਤੇ ਸਤਿਨਾਮ ਵਾਹਿਗੁਰੂ ਦੇ ਜਪਿਆਂ ਹੀ ਸੱਚਾ ਜੀਵਨ ਹੈ। ਜਿਸ ਦੇ ਉਪਰ ਨਦਰ ਮੇਹਰ ਵਾਹਿਗੁਰੂ ਦੀ ਹੁੰਦੀ ਹੈ ਉਹੀ ਵਾਹਿਗੁਰੂ ਨਾਮ ਗੁਰਮੰਤਰ ਨੂੰ ਜਪਣ ਲਗਦਾ ਹੈ। ਹਿੰਦੂ ਮਤ ਦੇ ਪ੍ਰਪੰਚ ਖ਼ਿਆਲ ਅੰਦਰ ਉਨ੍ਹਾਂ ਦੇ ਮੰਨੇ ਦੰਨੇ ਰੱਬ ਦਾ ਵਾਸਾ ਦੱਖਣ ਅੰਦਰ ਹੀ ਹੈ। ਅਤੇ ਤੁਰਕਾਂ ਦੇ ਖ਼ਿਆਲ ਅੰਦਰ ਉਨ੍ਹਾਂ ਦੇ ਮਨੌਤੀ ਅੱਲ੍ਹਾ ਦਾ ਵਾਸਾ ਮੁਕਾਮ ਪੱਛਮ ਦਿਸ਼ਾ ਵਿਚ ਹੀ ਹੈ। ਪ੍ਰੰਤੂ ਗੁਰਮਤਿ ਅਨੁਸਾਰ, ਗੁਰਮਤਿ ਨਾਮ ਗੁਰਮੰਤਰ ਦਾ ਭਜਨ ਅਭਿਆਸ ਕੀਤਿਆਂ ਹਰੇਕ ਅਭਿਆਸੀ ਜਨ ਦੇ ਹਿਰਦੇ ਅੰਦਰ ਵਾਹਿਗੁਰੂ ਆਇ ਪ੍ਰਗਟ ਹੁੰਦਾ ਹੈ, ਤੇ ਅੰਦਰ ਪ੍ਰਗਟ ਹੋ ਕੇ ਸਾਰੇ ਬ੍ਰਹਮੰਡਾਂ ਅੰਦਰ ਉਸ ਦੀ ਜੋਤਿ ਪ੍ਰਕਾਸ਼ਤ ਹੋ ਜਾਂਦੀ ਹੈ। ਤਾਂ ਤੇ ਗੁਰਮਤਿ ਅਨੁਸਾਰ ਪੱਕੀ ਖੋਜ ਵਾਹਿਗੁਰੂ ਦੀ ਹਿਰਦੇ ਅੰਦਰ ਮਿਲਦੀ ਹੈ, ਪਰ ਮਿਲਦੀ ਅਭਿਆਸ ਕਮਾਈਆਂ ਕਰਕੇ ਹੀ ਹੈ। ਤੱਤ ਭਾਵ, ਵਾਹਿਗੁਰੂ ਦੇ ਮਿਲਣ ਦਾ ਸੱਚਾ ਠਿਕਾਣਾ ਅਤੇ ਮੁਕਾਮ ਹਿਰਦਾ-ਕਮਲ ਹੀ ਹੈ। ਬ੍ਰਾਹਮਣ ਲੋਕ ਪਾਖੰਡ-ਵਰਤ ਰਖਦੇ ਹਨ, ਜੋ ਮਹੀਨੇ ਵਿਚ ਦੋ ਵਾਰੀ ਤੇ ਵਰ੍ਹੇ ਵਿਚ ੨੪ ਵਾਰ ਆਉਂਦਾ ਹੈ ਤੇ ਮੁਸਲਮਾਨ ਰਮਜ਼ਾਨ ਦਾ ਮਹੀਨਾ ਸਾਰਾ ਹੀ ਲਗ ਕੇ ਰੋਜ਼ਿਆਂ ਵਿਚ ਬਤੀਤ ਕਰਦੇ ਹਨ। ਇਨ੍ਹਾਂ ਦੋਹਾਂ ਦੀ ਭਾਵਨਾ ਅਨੁਸਾਰ ਇਨ੍ਹਾਂ ਵਰਤਾਂ ਤੇ ਰੋਜ਼ਿਆਂ ਦੇ ਰੱਖਣ ਵਿਚ ਹੀ ਵਾਹਿਗੁਰੂ ਦਾ ਦਰਸ਼ਨ ਧਰਿਆ ਪਿਆ ਹੈ ਹਾਲਾਂ ਕਿ ਉੱਕਾ ਹੀ ਨਹੀਂ। ਮੁਸਲਮਾਨਾਂ ਦੇ ਮਤ ਅਨੁਸਾਰ ਰਮਜ਼ਾਨ ਦੇ ਇਕ ਮਹੀਨੇ ਤੋਂ ਬਿਨਾਂ ਬਾਕੀ ਦੇ ਗਿਆਰਾਂ

ਮਹੀਨੇ ਐਵੇਂ (ਬਿਰਥਾ) ਹੀ ਪਾਸੇ ਧਰੇ ਰਹਿ ਜਾਂਦੇ ਹਨ, ਉਹ ਆਪਣੀ ਪਰਪੰਚ-ਕਿਰਿਆ ਦਵਾਰਾ ਇਕੋ ਰਮਜ਼ਾਨ ਦੇ ਮਹੀਨੇ ਵਿਚ ਹੀ ਸਾਰਾ ਨਿਧ ਨਿਧਾਨ ਪ੍ਰਮਾਰਥੀ ਮਿਲਿਆ ਸਮਝਦੇ ਹਨ (ਪ੍ਰੰਤੂ ਇਹ ਇਨ੍ਹਾਂ ਦੀ ਨਿਰੀ ਗ਼ਲਤ ਫ਼ਹਿਮੀ ਹੈ)। ਉੜੀਸੇ ਤੀਰਥ ਵਿਖੇ ਹਿੰਦੂਆਂ ਦਾ ਮੱਜਨ ਕਰਨਾ ਵਿਅਰਥ ਹੈ, ਉਹ ਇਸੇ ਮੱਜਨ ਦਵਾਰਾ ਹੀ ਆਪਣੀ ਕਲਿਆਨ ਸਮਝਦੇ ਹਨ (ਚਾਹੇ ਉੱਕੀ ਹੀ ਨਹੀਂ ਹੁੰਦੀ)। ਮੁਸਲਮਾਨਾਂ ਦਾ ਮਸੀਤ ਅੰਦਰ ਸਿਰ ਨਿਵਾਣਾ ਵੀ ਨਿਰਾ ਭੇਖ-ਕਰਮੀ ਹੈ। ਇਸ ਸੀਸ ਨਿਵਾਇਆਂ ਕਿਆ ਬਣਦਾ ਹੈ, ਉਨ੍ਹਾਂ ਦਾ ਕਾਬੇ ਦੇ ਹਜ ਵਾਸਤੇ ਜਾਣਾ ਭੀ ਕਿਸੇ ਅਰਥ ਨਹੀਂ, ਕਿਉਂਕਿ ਉਨ੍ਹਾਂ ਦੇ ਦਿਲ ਅੰਦਰ ਨਿਰਾ ਹੀ ਕਪਟ ਭਰਿਆ ਹੁੰਦਾ ਹੈ, ਤਿਨ੍ਹਾਂ ਦੀ ਨਿਮਾਜ਼ ਭੀ ਇਕ ਭੇਖ-ਧਾਰੀ ਕਿਰਿਆ ਹੈ। ਵਾਹਿਗੁਰੂ ਸਿਰਜਨਹਾਰ ਨੇ ਅਉਰਤ ਤੇ ਮਰਦ ਦੀ ਸਾਜਨਾ ਇਕਸਾਰ ਹੀ ਕੀਤੀ ਹੈ, ਪ੍ਰੰਤੂ ਮੁਸਲਮਾਨ ਸੁੰਨਤ ਕਰਨ ਦੀ ਪਾਖੰਡ-ਕਿਰਿਆ ਦਵਾਰਾ ਜੋ ਗਤੀ ਸਮਝਦੇ ਹਨ, ਤਾਂ ਉਨ੍ਹਾਂ ਦੀ ਖ਼ਿਆਲ ਕੀਤੀ ਗਤੀ ਵੀ ਅਧੂਰੀ ਹੀ ਹੈ, ਕਿਉਂਕਿ ਇਸ ਗੁਰਵਾਕ ਅਨੁਸਾਰ-

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ॥੩ ॥ ( ॥੪ ॥੮ ॥)**
**(ਆਸਾ ਕਬੀਰ ਜੀ, ਪੰਨਾ: ੪੭੭)**

ਅਉਰਤ ਦੀ ਸੁੰਨਤ ਹੋ ਹੀ ਨਹੀਂ ਸਕਦੀ, ਤਾਂ ਤੇ ਅਵਗਤਿ ਹੀ ਜਾਂਦੀ ਹੈ, ਉਨ੍ਹਾਂ ਦੀ ਸਮਝ ਅਨੁਸਾਰ। ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਗੁਰਮਤਿ ਅਨੁਸਾਰ ਹਰੇਕ ਅਉਰਤ ਮਰਦ ਵਾਹਿਗੁਰੂ-ਮਾਲਕ ਦੀ ਹੀ ਸੱਚੀ ਖ਼ਲਕਤ ਹੈ ਅਤੇ ਸਾਰੇ ਇਨ੍ਹਾਂ ਸਾਜੇ ਹੋਇਆਂ ਅਉਰਤ ਮਰਦਾਂ ਦਾ ਗੁਰੂ ਪੀਰ ਵਾਹਿਗੁਰੂ ਇਕੋ ਹੀ ਹੈ, ਜੋ ਗੁਰਮਤਿ ਦਾ ਸੱਚਾ ਸਿਧਾਂਤ ਹੈ। ਹੇ ਵਾਹਿਗੁਰੂ ਦੇ ਸਾਜੇ ਹੋਏ ਨਰੋ ਤੇ ਨਾਰੀਓ! ਇਕ ਵਾਹਿਗੁਰੂ ਦੀ ਹੀ ਸ਼ਰਨ ਪਰੋ, ਕੇਵਲ ਗੁਰਮਤਿ ਨਾਮ ਹੀ ਸਾਰੇ ਜਪੋ। ਜਿਸ ਗੁਰਮਤਿ ਨਾਮ ਦੇ ਜਪਿਆਂ ਨਿਸਚੈ ਕਰਕੇ ਭਵ-ਸਾਗਰ ਤੋਂ ਤਰ ਜਾਈਦਾ ਹੈ।

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥**
**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧ ॥**
**ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧ ॥ਰਹਾਉ ॥**
**ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥**
**ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨ ॥**
**ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥**
**ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩ ॥**
**ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥**
**ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪ ॥੪ ॥**
**(ਪ੍ਰਭਾਤੀ ਕਬੀਰ ਜੀਉ, ਪੰਨਾ: ੧੩੫੦)**

ਵੇਦ ਕਤੇਬੀ ਮੱਤ ਹਿੰਦੂਆਂ ਤੇ ਤੁਰਕਾਂ ਦੇ ਮੰਨੇ ਹੋਏ ਇਹ ਸਭ ਝੂਠੇ ਹਨ ਅਤੇ ਇਨ੍ਹਾਂ ਮੱਤਾਂ ਦੇ ਵਿਚਾਰਨਹਾਰੇ ਭੀ ਝੂਠੇ ਹਨ, ਕਿਉਂਕਿ ਉਹ ਸੱਚੀ ਵੀਚਾਰ ਨਹੀਂ ਵੀਚਾਰਦੇ, ਆਮ ਲੋਕੀ, ਕੀ ਹਿੰਦੂ ਕੀ ਮੁਸਲਮਾਨ! ਆਪੋ ਆਪਣੀਆਂ ਧਰਮ-ਪੁਸਤਕਾਂ ਦੇ ਅਸਲੀ ਭਾਵ ਨੂੰ ਨਹੀਂ ਸਮਝਦੇ, ਐਵੇਂ ਪਏ ਝਗੜਦੇ ਫਿਰਦੇ ਹਨ। ਮੁਸਲਮਾਨ ਮੱਤ ਵਾਲੇ ਲੋਕ ਕੁਰਬਾਨੀ ਉਤੇ ਜ਼ੋਰ ਦਿੰਦੇ ਹਨ ਅਤੇ ਉਹ ਇਉਂ ਕਹਿੰਦੇ ਹਨ ਕਿ ਮੁਰਗ਼ੀ ਦੇ ਮਾਰਨ ਸਮੇਂ ਕਲਮਾ ਪੜ੍ਹੀਏ ਤਾਂ ਮੁਰਗ਼ੀ ਹਲਾਲ ਹੋ ਜਾਂਦੀ ਹੈ, ਨਾਲੇ ਉਹ ਇਉਂ ਕਹਿੰਦੇ ਹਨ ਅਤੇ ਉਨ੍ਹਾਂ ਦੀ ਕਤੇਬ ਕੁਰਾਨ ਵੀ ਇਹੋ ਕਹਿੰਦੀ ਹੈ ਕਿ ਅੱਲ੍ਹਾ ਸਭ ਥਾਂ ਹੈ, ਤਾਂ ਤੇ ਮੁਰਗੀ ਵਿਚ ਭੀ ਹੋਇਆ। ਫਿਰ ਉਸ ਨੂੰ ਕਿਉਂ ਜ਼ਿਬਾ ਕਰਦੇ ਹਨ? ਜ਼ਿਬਾ ਕਰਨ ਵੇਲੇ ਛੁਰੀ ਤਾਂ ਕੇਵਲ ਸਰੀਰ ਨੂੰ ਪਹੁੰਚਦੀ ਹੈ, ਅੰਦਰਲੀ ਜੋਤਿ ਨੂੰ ਨਹੀਂ ਪਹੁੰਚਦੀ, ਉਹ ਅਨਾਹਤ ਜ਼ਿਬਾ ਨਹੀਂ ਹੁੰਦੀ, ਉਹ ਨਹੀਂ ਮਰ ਸਕਦੀ। ਫਿਰ ਹਲਾਲ ਕਿਸ ਨੂੰ ਕੀਤਾ?

ਇਸੇ ਤਰ੍ਹਾਂ ਮੁਸਲਮਾਨਾਂ ਦੀ ਨਿਮਾਜ਼ ਤੇ ਹਜ ਆਦਿਕ ਨੂੰ ਲੈ ਕੇ ਦਸਦੇ ਹਨ ਕਿ ਅੰਦਰਲੀ ਸੁੱਧੀ ਤੋਂ ਬਿਨਾਂ ਸਭ ਕਰਮ ਨਿਸਫਲ ਹਨ। ਮੁੱਲਾਂ ਪ੍ਰਤੀ ਉਪਦੇਸ਼ ਕਰਦੇ ਹਨ ਕਿ ਹੇ ਮੁਲਾਂ! ਤੇਰੇ ਖ਼ੁਦਾ ਦਾ ਚੰਗਾ ਨਿਆਉਂ ਹੈ, ਇਸ ਅਨਿਆਉਂ ਨੂੰ ਦੇਖ ਕੇ ਤੇਰੇ ਮਨ ਦਾ ਭਰਮ ਨਹੀਂ ਜਾ ਸਕਦਾ। ਝੂਠੀ ਪਾਖੰਡ-ਕਿਰਿਆ-ਕਰਮ ਕਰ ਕੇ ਅਤੇ ਝੂਠੇ ਵਜ਼ੂ ਕਰਮ ਕਰ ਕੇ, ਹੇ ਮੁਲਾਣੇ! ਤੂੰ ਪਾਕ ਨਹੀਂ ਹੋ ਸਕਦਾ, ਤੇਰਾ ਮੂੰਹ ਹੱਥ ਧੋਣਾ ਨਿਸਫਲ ਹੈ ਅਤੇ ਮਸੀਤ ਮੂਹਰੇ ਸਿਰ ਨਿਵਾਣਾ ਵੀ ਨਿਸਫਲ ਹੈ। ਦਿਲ ਵਿਚ ਤੇਰੇ ਕਪਟ ਹੈ ਤਾਂ ਨਿਮਾਜ਼ ਕਰਨ ਤੇ ਕੀ ਬਣਦਾ ਹੈ, ਨਾ ਹੀ ਹਜ ਕਾਬੇ ਦੀ ਯਾਤਰਾ ਕਰਨ ਤੇ ਕੁਛ ਸੌਰਦਾ ਹੈ। ਜੇਕਰ ਪਰਵਰਦਗਾਰ ਸੱਚਾ ਵਾਹਿਗੁਰੂ

*ਤੁਰਕ ਮੁਸਲਮਾਨ ਤਾਂ ਇਕ ਪ੍ਰਕਾਰ ਦੇ ਇਸ ਗੱਲ ਦੇ ਹਿਮੈਤੀ ਹਨ ਕਿ ਉਨ੍ਹਾਂ ਦਾ ਪੂਜ ਅੱਲ੍ਹਾ ਕੇਵਲ ਮਸੀਤ ਅੰਦਰ ਹੀ ਮੁਕਈਅਦ (ਕੈਦ) ਹੈ। ਜੇਕਰ ਉਹ ਕੇਵਲ ਮਸੀਤ ਵਿਚ ਹੀ ਵਸਦਾ ਹੈ ਤਾਂ ਵਾਹਿਗੁਰੂ ਵਿਆਪਕ ਨ ਰਿਹਾ। ਹੋਰ ਮਨੁਖ ਕਿਸ ਦੇ ਹੋਣਗੇ? ਵਾਹਿਗੁਰੂ ਬਿਹੂਣੇ ਹੀ ਹੋਣਗੇ। ਹਿੰਦੂ ਮਤ ਦੇ ਖ਼ਿਆਲ ਵਿਚ ਜਿਸ ਮੂਰਤੀ ਨੂੰ ਪੂਜਦੇ ਹਨ ਉਸੇ ਮੂਰਤੀ ਵਿਚ ਹੀ ਵਾਹਿਗੁਰੂ ਦੇ ਨਾਮ ਦਾ ਵਾਸਾ ਹੁੰਦਾ ਹੈ, ਇਹ ਹਿੰਦੂਆਂ ਦਾ ਫੋਕਟ ਅਗਿਆਨ ਭਰਿਆ ਅਭਿਪਰਾ ਹੈ। ਤਾਂ ਤੇ ਨਾ ਹੀ ਤੁਰਕਾਂ ਦੇ ਖ਼ਿਆਲ ਅਨੁਸਾਰ ਤੇ ਨਾ ਹੀ ਹਿੰਦੂ-ਮੱਤੀਆਂ ਦੇ ਮਤ ਅਨੁਸਾਰ ਤੱਤ ਪ੍ਰਮਾਰਥ ਨਜ਼ਰ ਆਉਂਦਾ ਹੈ। ਗੁਰਮਤਿ ਅਨੁਸਾਰ ਵਾਹਿਗੁਰੂ ਨਾਮ ਦੇ ਤੱਤ ਸਿਧਾਂਤ ਅੰਦਰ ਰਾਮ ਅਤੇ ਖ਼ੁਦਾ ਦੇ ਸੰਕੇਤਕ ਕ੍ਰਿਤਮ ਨਾਮ ਆ ਜਾਂਦੇ ਹਨ। ਤਾਂ ਤੇ ਸਤਿਨਾਮ ਵਾਹਿਗੁਰੂ ਦੇ ਜਪਿਆਂ ਹੀ ਸੱਚਾ ਜੀਵਨ ਹੈ।*

ਤੈਨੂੰ ਨਹੀਂ ਸੁਝਿਆ, ਭਾਵ, ਜੇ ਤੈਨੂੰ ਸੱਚਾ ਪਰਵਦਗਾਰ ਦੀ ਸੋਝੀ ਨਹੀਂ ਆਈ ਤੇ ਜੇਕਰ ਤੈਂ ਉਸ ਦਾ ਮਰਮ ਭੇਦ ਨਹੀਂ ਜਾਣਿਆ ਤਾਂ ਤੇਰੀ ਸਭ ਪਾਖੰਡ-ਕਿਰਿਆ ਨਿਸਫਲ ਹੈ। ਇਸ ਬਿਧਿ ਪਾਖੰਡ-ਭੇਖ ਕੀਤਿਆਂ ਤੈਨੂੰ ਹਰਗਿਜ਼ ਹਰਗਿਜ਼ ਬਹਿਸ਼ਤ ਨਹੀਂ ਮਿਲ ਸਕਦੀ ਅਤੇ ਦੋਜ਼ਕ ਨੂੰ ਸਿੱਧਾ ਜਾਣ ਦਾ ਹੀ ਤੈਂ ਵਤੀਰਾ ਧਾਰਨ ਕੀਤਾ ਹੈ।

'ਮਤ' ਪਦ ਇਥੇ ਮਤ ਦਾ ਬਹੁ-ਵਚਨ ਹੈ, ਇਸ ਲਈ ਮੱਤਾਂ ਅਤੇ ਮਜ਼ਹਬਾਂ ਦੇ ਅਰਥਾਂ ਵਿਚ ਹੀ ਲਿਆ ਜਾਵੇਗਾ। ਜੇਕਰ 'ਨਾ' ਦੇ ਅਰਥ ਵਿਚ ਹੁੰਦਾ ਤਾਂ ਤੱਤੇ ਨੂੰ ਔਂਕੜ ਹੁੰਦਾ ਜਾਂ ਸਿਹਾਰੀ ਹੁੰਦੀ, 'ਕਹਹੁ ਮਤ ਝੂਠੇ' ਦਾ ਭਾਵ ਹੁੰਦਾ। ਹਿੰਦੂ ਮੱਤ ਵਾਲੇ ਵੀ ਇਹੋ ਗੱਲ ਆਖਦੇ ਹਨ ਕਿ ਬ੍ਰਹਮ ਸਾਰੇ ਹੀ ਰਮਿਆ ਹੋਇਆ ਹੈ, ਪ੍ਰੰਤੂ ਉਹ ਵੀ ਅਸਮੇਧ ਜਗ ਆਦਿਕ ਕਰ ਕੇ ਜੀਵਾਂ ਦੀ ਹੱਤਿਆ ਦਾ ਹੁਕਮ ਦਿੰਦੇ ਹਨ! ਤਾਂ ਤੇ ਬੇਦ ਮਤ ਅਤੇ ਉਸ 'ਤੇ ਚਲਨਹਾਰੇ ਬੇਦ-ਮਤੀਸਰ ਦੋਵੇਂ ਝੂਠੇ ਹਨ, ਦੇਖੋ ਦੇਖੀ ਮਨ-ਹਠ ਕਰਕੇ ਜੀਵਾਂ ਦੀ ਹੱਤਿਆ ਕਰੀ ਜਾਂਦੇ ਹਨ, ਤੱਤ ਵੀਚਾਰ ਕਰਦੇ ਨਹੀਂ, ਨਾ ਹੀ ਉਨ੍ਹਾਂ ਦੇ ਮਨ-ਮੰਨੇ ਮੱਤ (ਮਜ਼ਹਬ) ਤੱਤ ਵੀਚਾਰ ਕਰਨ ਸਿਖਾਉਂਦੇ ਹਨ। ਸਭਨਾਂ ਨੇ ਝੂਠ ਵਿਚਾਰ ਉਤੇ ਹੀ ਜ਼ੋਰ ਦਿਤਾ ਹੋਇਆ ਹੈ। ਹਿੰਦੂ ਮੱਤ ਵਾਲੇ ਏਥੇ ਤੁਰਕਾਣੀ ਮੱਤ ਦੇ ਪੈਰੋਕਾਰ ਹੋ ਕੇ ਉਨ੍ਹਾਂ ਦੀ (ਤੁਰਕਾਂ ਦੀ) ਰੀਸੇ ਘੜੀਸੇ ਹੀ ਜੀਉ ਬਧਿ ਕਰੀ ਜਾਂਦੇ ਹਨ, ਆਪਣੇ ਸੁਆਦਾਂ ਲਈ ਜੀਆਂ ਨੂੰ ਸੰਘਾਰਦੇ ਹਨ; ਜਦੋਂ ਮਾਰਦੇ ਹਨ, ਤੱਤ ਵੀਚਾਰ ਕੁਛ ਨਹੀਂ ਕਰਦੇ। ਹਿੰਦੂ ਅਤੇ ਤੁਰਕ ਦੋਹਾ ਮੱਤਾਂ ਵਾਲੇ ਇਕ-ਸਾਰ ਹੀ ਜੀਵ-ਹੱਤਿਆ ਕਰਨ ਵਾਲੇ ਹੋਣ ਕਰਕੇ, ਇਸ ਗੁਰਵਾਕ ਅੰਦਰ ਕੇਵਲ ਕਤੇਬੀ ਮੱਤ ਵਾਲਿਆਂ ਦੀ ਮਨਮਤਿ ਉਪਰ ਖੰਡਨ ਪ੍ਰਥਾਇ ਹੀ ਜ਼ਿਆਦਾ ਜ਼ੋਰ ਦਿਤਾ ਜਾਂਦਾ ਹੈ, ਖੰਡਨ ਦੋਹਾਂ ਮੱਤਾਂ ਦਾ ਹੀ (ਹਿੰਦੂ ਅਤੇ ਤੁਰਕਾਣੀ ਮਜ਼ਹਬਾਂ) ਦਾ ਹੋ ਜਾਂਦਾ ਹੈ। ਕੇਵਲ ਗੁਰਮਤਿ ਮੱਤ ਹੀ ਮੰਡਨ ਯੋਗ ਸੱਚਾ ਮੱਤ ਹੈ।

**ਤਨਿ ਚੰਦਨੁ ਮਸਤਕਿ ਪਾਤੀ ॥ ਰਿਦ ਅੰਤਰਿ ਕਰਤਲ ਕਾਤੀ ॥**
**ਠਗ ਦਿਸਟਿ ਬਗਾ ਲਿਵ ਲਾਗਾ ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥**
**ਕਲਿ ਭਗਵਤ ਬੰਦ ਚਿਰਾਂਮੰ ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ਰਹਾਉ ॥**
**ਨਿਤਪ੍ਰਤਿ ਇਸਨਾਨੁ ਸਰੀਰੰ ॥ ਦੁਇ ਧੋਤੀ ਕਰਮ ਮੁਖਿ ਖੀਰੰ ॥**
**ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥੨॥**
**ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ ਭਗਤਿ ਪ੍ਰਵੇਸੰ ॥**
**ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥੩॥**
**ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥**
**ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ ॥੪॥**
**ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥**
**ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥**
**(ਪ੍ਰਭਾਤੀ ਬੇਣੀ ਜੀ, ਪੰਨਾ: ੧੩੫੧)**

ਇਸ ਗੁਰਵਾਕ ਦੁਆਰਾ ਸਭ ਪਾਖੰਡੀ ਸੰਸਥਾਵਾਂ ਵੈਸ਼ਨਾਵਾਂ ਸ਼ੈਵਾਂ (ਮਹਾਂਦੇਵ ਦੇ ਉਪਾਸ਼ਕਾਂ) ਤੇ ਹੋਰ ਪਾਖੰਡੀ ਭੇਖੂਆਂ ਦੇ ਬਾਹਰਲੇ ਕਰਮਾਂ ਧਰਮਾਂ ਨੂੰ ਰੱਦ ਕਰ ਕੇ ਗੁਰਮਤਿ ਆਤਮ ਤੱਤ ਦ੍ਰਿੜ੍ਹਾਇਆ ਗਿਆ ਹੈ, ਜਿਸ ਦੀ ਸੂਝ ਕੇਵਲ ਗੁਰੂ ਤੋਂ ਹੀ ਹੁੰਦੀ ਹੈ। ਯਥਾ ਵਿਆਖਿਆ-

ਬਹੁਤ ਸਾਰੇ ਪਾਖੰਡੀ ਭੇਖੀ ਐਸੇ ਹਨ ਕਿ ਜੋ ਤਨ ਵਿਖੇ ਚੰਦਨ ਮਲਦੇ ਹਨ ਤੇ ਮੱਥੇ 'ਤੇ ਪੱਤੇ ਬੰਨ੍ਹਦੇ ਹਨ (ਇਸ ਬਿਧਿ ਲੋਕਾਂ ਨੂੰ ਜ਼ਾਹਿਰ ਕਰਦੇ ਹਨ ਕਿ ਅਸੀਂ ਬੜੇ ਭਗਤ ਹਾਂ)। ਪ੍ਰੰਤੂ ਉਨ੍ਹਾਂ ਦੇ ਹਿਰਦੇ ਅੰਦਰ ਇਉਂ ਹੋ ਰਿਹਾ ਹੁੰਦਾ ਹੈ ਜਿਉਂ ਹੱਥ ਦੀ ਤਲੀ ਵਿਚ ਛੁਰੀ ਫੜੀ ਹੋਈ ਹੁੰਦੀ ਹੈ। ਠੱਗਾਂ ਵਾਲੀ ਦ੍ਰਿਸ਼ਟੀ ਉਨ੍ਹਾਂ ਦੀ ਹੁੰਦੀ ਹੈ, ਬਗਲਿਆਂ ਵਾਂਗੂ ਮੋਨੀ ਮੋਨਧਾਰੀ ਬਣ ਕੇ, ਉਹ ਮੋਨੀਆਂ ਵਾਂਗੂ ਲਿਵ ਲਾਉਂਦੇ ਹਨ, ਦੇਖਣ ਵਿਚ ਤਾਂ ਵੈਸ਼ਨੋ ਪ੍ਰਤੀਤ ਹੁੰਦੇ ਹਨ ਅਤੇ ਇਉਂ ਜ਼ਾਹਰ ਕਰਦੇ ਹਨ ਕਿ ਉਨ੍ਹਾਂ ਦੇ ਮੂੰਹ ਵਿਚੋਂ ਪ੍ਰਾਨ ਨਿਕਲ ਰਹੇ ਹੁੰਦੇ ਹਨ, ਸਾਹ ਸਤ ਹੀ ਨਹੀਂ ਹੁੰਦਾ। ਜਿਸ ਨੂੰ ਦੇਖ ਕੇ ਭਰਮ-ਭੁਲੀ ਲੁਕਾਈ ਪਤੀਜ ਜਾਂਦੀ ਹੈ। ਭਾਗਵਤ ਪੁਰਾਣ ਆਦਿਕ ਪੋਥੀਆਂ ਨੂੰ ਬਾਰੰ-ਬਾਰ ਚਿਰਾਂ ਤਾਈਂ ਬੰਦਨਾ ਨਮਸਕਾਰ ਹੀ ਕਰਦੇ ਰਹਿੰਦੇ ਹਨ। ਕਲੀ ਕਾਲ ਵਿਖੇ ਇਸ ਠਗ-ਭੇਖ ਕਿਰਿਆ ਨੂੰ ਦੇਖ ਕੇ ਆਮ ਲੋਕ ਬਹੁਤ ਭਰਮਦੇ ਹਨ, ਪਰ ਇਹ ਪੋਲ ਛੇਤੀ ਹੀ ਉਘੜ ਜਾਂਦਾ ਹੈ, ਪ੍ਰੰਤੂ ਉਨ੍ਹਾਂ ਦੀ ਦ੍ਰਿਸ਼ਟੀ ਖੋਟੀ ਹੀ ਹੁੰਦੀ ਹੈ, ਸਦਾ ਖੋਟੇ ਝਗੜੇ ਹੀ ਕਰਦੇ ਰਹਿੰਦੇ ਹਨ।

ਨਿਤਾਪ੍ਰਤਿ ਹਰ ਰੋਜ਼ ਸਰੀਰ ਦਾ ਇਸ਼ਨਾਨ ਕਰਾਉਂਦੇ ਹਨ, ਦੋ ਦੋ ਧੋਤੀਆਂ ਬੰਨ੍ਹਦੇ ਹਨ ਅਤੇ ਹੋਰ ਪਾਖੰਡ ਵੀ ਕਰਦੇ ਹਨ। ਆਪਣੇ ਆਪ ਨੂੰ ਦੂਧਾਧਾਰੀ ਸਦਾਉਂਦੇ ਹਨ, ਕਰਮਾਂ ਕਰਕੇ ਖੀਰ (ਦੁੱਧ) ਹੀ ਮੁਖ ਵਿਚ ਪਾਉਂਦੇ ਹਨ। ਸੰਧਿਆ ਗਾਇਤ੍ਰੀ ਕਰਨ ਵਿਚ ਬੜੇ ਪ੍ਰਬੀਨ ਸਦਾਉਂਦੇ ਹਨ। ਹਿਰਦੇ ਵਿਚ ਉਨ੍ਹਾਂ ਦੇ ਛੁਰੀ ਖਿਚੀ ਹੁੰਦੀ ਹੈ। ਪਰਾਇਆ ਧਨ ਚੁਰਾਵਣ ਦੀ ਉਨ੍ਹਾਂ ਨੂੰ ਆਦਤ (ਵਾਦੀ) ਬਾਣ ਪਈ ਹੁੰਦੀ ਹੈ। ਗਣੇਸ਼ ਦੇ ਚੱਕਰ (ਚਿਹਨ) ਸਰੀਰ 'ਤੇ ਲਾਉਂਦੇ ਹਨ ਅਤੇ ਪੱਥਰ ਪੂਜਦੇ ਹਨ। ਫੋਕਾ ਰਾਤ-ਜਾਗਾ ਕਰ ਕੇ ਆਪਣੇ ਆਪ ਨੂੰ ਪਰਮੇਸ਼ਰ-ਭਗਤੀ ਵਿਚ ਪ੍ਰਬੀਨ ਹੋਏ ਹੋਏ ਜ਼ਾਹਰ ਕਰਦੇ ਹਨ। ਪੈਰਾਂ ਕਰਕੇ ਨਚਦੇ ਹਨ ਅਤੇ ਨਾਚੇ ਬਣ ਬਣ ਕੇ ਲੋਕਾਂ ਨੂੰ ਜਣਾਉਂਦੇ ਹਨ ਕਿ ਅਸੀਂ ਬੜੇ ਭਗਤ ਹਾਂ, ਪਰ ਚਿਤ ਉਨ੍ਹਾਂ ਦਾ ਮਾੜੇ ਕਰਮਾਂ ਵਿਚ ਲੁਭਾਇਮਾਨ ਹੁੰਦਾ ਹੈ। ਇਹ ਲੋਭੀ ਨਾਚੇ ਸਭ ਅਧਰਮੀ ਬੰਦੇ ਹੁੰਦੇ ਹਨ। ਮ੍ਰਿਗ-ਆਸਣ ਹਮੇਸ਼ਾ ਆਪਣੇ ਪਾਸ ਰਖਦੇ ਹਨ, ਦਿਖਾਵੇ ਮਾਤਰ ਤੁਲਸੀ ਦੀ ਮਾਲਾ ਵੀ ਹੱਥਾਂ ਤੇ ਬੰਨ੍ਹਦੇ ਹਨ, ਮੱਥੇ ਉਤੇ ਤਿਲਕ ਲਾ ਕੇ ਆਪਣੇ ਆਪ ਨੂੰ ਉਜਲ ਕਰਕੇ ਦਿਖਾਉਂਦੇ ਹਨ, ਹਿਰਦੇ ਅੰਦਰ ਉਨ੍ਹਾਂ ਦੇ ਕੂੜ ਵਸਿਆ ਹੋਇਆ ਹੁੰਦਾ ਹੈ, ਪ੍ਰੰਤੂ ਦਿਖਾਵੇ ਮਾਤਰ ਉਨ੍ਹਾਂ ਦੇ ਗਲੇ (ਕੰਠ) ਵਿਚ ਰੁਦਰਾਖ ਦੀ ਮਾਲਾ ਪਾਈ ਹੋਈ ਹੁੰਦੀ ਹੈ (ਸ਼ਿਵ ਜੀ ਦੇ ਉਪਾਸ਼ਕ ਸ਼ੈਵ ਲੋਕ ਇਹ ਮਾਲਾ ਪਾਉਂਦੇ ਹਨ।) ਵਿਸ਼ਿਆਂ ਵਿਚ ਲੰਪਟ ਲੋਕ ਉਪਰੋਂ ਉਪਰੋਂ ਅਤੇ ਓਪਰਾ ਜਿਹਾ ਕ੍ਰਿਸ਼ਨ ਦਾ ਅਭਾਖਿਆ ਵਾਲਾ ਨਾਮ ਜਪਦੇ ਹਨ।

ਇਹਨਾਂ ਲੋਕਾਂ ਨੇ ਆਨਮਤ ਤੱਤ ਅਤੇ ਪ੍ਰਮਾਰਥ ਨੂੰ ਉੱਕਾ ਹੀ ਨਹੀਂ ਚੀਨਿਆ ਹੁੰਦਾ। ਸਿਰਫ਼ ਫੋਕਟ ਕਰਮਾਂ ਧਰਮਾਂ ਵਿਚ ਹੀ ਅੰਨ੍ਹੇ ਹੋਏ ਹੁੰਦੇ ਹਨ। ਗੁਰੂ ਦੇ ਤਾਰੇ ਹੋਏ ਬੇਣੀ ਭਗਤ ਉਚਾਰਦੇ ਹਨ ਕਿ ਕੇਵਲ ਗੁਰਮੁਖਿ ਜਨ ਹੀ ਕੋਈ ਵਿਰਲਾ ਐਸਾ ਹੁੰਦਾ ਹੈ ਜੋ ਸਚਮੁਚ ਵਾਹਿਗੁਰੂ ਨੂੰ ਧਿਆਉਂਦਾ ਹੈ। ਫੇਰ ਦ੍ਰਿੜ੍ਹ ਕਰਕੇ ਭਗਤ ਬੇਣੀ ਜੀ ਇਸ ਗੱਲ ਉਤੇ ਮੋਹਰ ਲਾਉਂਦੇ ਹਨ ਕਿ ਸੱਚੇ ਸਤਿਗੁਰ ਦੀ ਸਹਾਇਤਾ ਬਿਨਾਂ ਸੱਚਾ ਮਾਰਗ, ਗੁਰਮਤਿ ਮਾਰਗ ਨਹੀਂ ਮਿਲਦਾ।

**(... ਬਾਕੀ ਅਗਲੇ ਅੰਕ 'ਚ)**



# ਅਰਦਾਸ ਦਾ ਫ਼ਲਸਫ਼ਾ

ਡਾ. ਜਸਵੰਤ ਸਿੰਘ ਨੇਕੀ

ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਭੇਡਾਂ ਬੱਕਰੀਆਂ ਨੂੰ ਘਾਹ 'ਤੇ ਚਰਨ ਲਈ ਛੱਡ ਕੇ, ਆਪ ਇਕ ਪਾਸੇ, ਇਕ ਬ੍ਰਿਛ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਸੋਚਾਂ ਵਿਚ ਡੁੱਬੇ ਦੇ ਮੱਥੇ 'ਤੇ ਚਮਕ ਭਾ ਮਾਰਨ ਲੱਗੀ। ਉਸ ਦੇ ਬੁੱਲ੍ਹ ਫਰਕੇ ਤੇ ਕਹਿਣ ਲੱਗਾ, "ਹੇ ਰੱਬਾ! ਜੇ ਕਦੇ ਤੂੰ ਮਿਲ ਪਵੇ ਤਾਂ ਮੈਂ ਤੈਨੂੰ ਰੋਜ਼ ਬੱਕਰੀਆਂ ਦਾ ਤਾਜ਼ਾ ਦੁੱਧ ਪਿਲਾਵਾਂ, ਰੋਜ਼ ਤੇਰੇ ਕੱਪੜੇ ਧੋ ਦਿਆ ਕਰਾਂ, ਤੈਨੂੰ ਦਹੀਂ ਮਲ ਮਲ ਕੇ ਨੁਹਾਵਾਂ, ਤੇ ਤੇਰੀ ਜੁਗਾਂ ਜੁਗਾਂ ਦੀ ਮੈਲ ਲਾਹ ਦਿਆਂ।"

ਇਤਫ਼ਾਕ ਨਾਲ ਹਜ਼ਰਤ ਮੂਸਾ ਓਥੋਂ ਦੀ ਲੰਘ ਰਹੇ ਸਨ। ਉਨ੍ਹਾਂ ਇਹ ਸਾਰੀਆਂ ਗੱਲਾਂ ਸੁਣੀਆਂ। ਰੱਬ ਦਾ ਇਹ ਹਾਸੋਹੀਣਾ ਚਿੱਤ੍ਰ ਵੇਖ ਕੇ, ਉਨ੍ਹਾਂ ਨੂੰ ਕ੍ਰੋਧ ਆ ਗਿਆ ਤੇ ਉਹ ਉਸ ਚਰਵਾਹੇ ਨੂੰ ਕਹਿਣ ਲੱਗੇ, "ਓ ਪਾਗ਼ਲ! ਤੂੰ ਰੱਬ ਨੂੰ ਕੀ ਜਾਤਾ ਹੈ? ਉਹ ਕੁੱਲ ਜਹਾਨਾਂ ਦਾ ਮਾਲਕ ਹੈ। ਉਸ ਨੂੰ ਤੇਰੇ ਦੁੱਧ ਦੀ ਕੀ ਪਰਵਾਹ ਪੈਂਦੀ ਹੈ। ਉਹ ਸਮੂਹ ਜਨਤਾ ਦੀ ਮੈਲ ਕੱਟਣ ਵਾਲਾ ਹੈ, ਤੇ ਤੂੰ ਉਸੇ ਦੀ ਮੈਲ ਕੱਟਣ ਨੂੰ ਫਿਰਦਾ ਹੈਂ? ਤੂੰ ਰੱਬ ਦਾ ਨਿਰਾਦਰ ਕੀਤਾ ਹੈ।"

ਪਰ ਕਹਿੰਦੇ ਹਨ, ਉਸ ਵੇਲੇ ਅਕਾਸ਼ਬਾਣੀ ਹੋਈ, "ਮੂਸਾ! ਤੂੰ ਦੁਨੀਆ ਵਿਚ ਮਿਲਾਪ ਕਰਾਉਣ ਆਇਆ ਹੈਂ, ਨਾ ਕਿ ਵਿਛੋੜੇ ਪੁਆਉਣ ਲਈ। ਤੂੰ ਬਹੁਤ ਬੁਰਾ ਕੀਤਾ ਹੈ, ਮੈਨੂੰ ਮੇਰੇ ਭਗਤ ਤੋਂ ਵਿਛੋੜ ਦਿੱਤਾ ਹੈ। (ਮਸਨਵੀ ਮੌਲਾਨਾ ਰੂਮ: "ਤੂੰ ਬਰਾਏ ਵਸਲ ਕਰਦਨ ਆਮਦੀ, ਨੈ ਬਰਾਏ ਫ਼ਸਲ ਕਰਦਨ ਆਮਦੀ, ਬੰਦਾਇ ਮਾ ਰਾ ਜ਼ਮਾ ਕਰਦੀ ਜੁਦਾ...") ਤੂੰ ਉਸ ਦੇ ਸ਼ਬਦਾਂ ਵੱਲ ਚਲਾ ਗਿਆ, ਉਸ ਦੀ ਅਰਦਾਸ ਦੀ ਭਾਵਨਾ ਨੂੰ ਨਹੀਂ ਜਾਂਚ ਸਕਿਆ। ਅਸਲ ਵਿਚ ਗੁਸਤਾਖ਼ੀ ਉਸ ਨੇ ਨਹੀਂ, ਸਗੋਂ ਤੂੰ ਕੀਤੀ ਹੈ।"

ਮੂਸਾ ਦੀਆਂ ਅੱਖਾਂ ਝੁਕ ਗਈਆਂ, ਉਸ ਨੂੰ ਪਹਿਲੀ ਵਾਰ ਪਤਾ ਲੱਗਿਆ, ਕਿ ਰੱਬ ਦਾ ਨੂਰ ਕੇਵਲ ਕੋਹ-ਤੂਰ ਦੀਆਂ ਚੋਟੀਆਂ ਤੋਂ ਹੀ ਨਜ਼ਰ ਨਹੀਂ ਆਉਂਦਾ, ਸਗੋਂ ਭਾਵਨਾ ਨਾਲ ਕੀਤੀ ਹੋਈ ਅਰਦਾਸ ਦੇ ਬਲ ਨਾਲ ਮਨ ਦੀਆਂ ਡੂੰਘਾਣਾਂ 'ਚੋਂ ਵੀ ਪ੍ਰਗਟ ਹੋ ਜਾਂਦਾ ਹੈ।

ਅਰਦਾਸ ਕੀ ਹੈ? ਅਰਦਾਸ ਉਹ ਡੋਰੀ (Viamedia) ਹੈ ਜਿਸ ਨਾਲ ਆਤਮਾ ਪਰਮਾਤਮਾ ਦਾ ਸਬੰਧ ਜੁੜਦਾ ਹੈ। ਦੂਜੇ ਸ਼ਬਦਾਂ ਵਿਚ, "ਅਰਦਾਸ ਇਕ ਅਸੰਪੂਰਨ ਸੱਤਾ ਦੀ ਸੰਪੂਰਨ ਸੱਤਾ ਅੱਗੇ ਪ੍ਰਾਰਥਨਾ ਹੈ ਕਿ ਮੈਨੂੰ ਵੀ ਪੂਰਨ ਕਰ।" ਅਰਦਾਸ ਦਾ ਅਸਲਾ ਸਾਡੀਆਂ ਤੋਟਾਂ ਤੋਂ ਉਠਦਾ ਹੈ। ਜਿਸ ਤਰ੍ਹਾਂ ਔਕੜ ਸਮੇਂ

> **ਅਰਦਾਸ ਕੀ ਹੈ ? ਅਰਦਾਸ ਉਹ ਡੋਰੀ (Viamedia) ਹੈ ਜਿਸ ਨਾਲ ਆਤਮਾ ਪਰਮਾਤਮਾ ਦਾ ਸਬੰਧ ਜੁੜਦਾ ਹੈ। ਦੂਜੇ ਸ਼ਬਦਾਂ ਵਿਚ, "ਅਰਦਾਸ ਇਕ ਅਸੰਪੂਰਨ ਸੱਤਾ ਦੀ ਸੰਪੂਰਨ ਸੱਤਾ ਅੱਗੇ ਪ੍ਰਾਰਥਨਾ ਹੈ ਕਿ ਮੈਨੂੰ ਵੀ ਪੂਰਨ ਕਰ।" ਅਰਦਾਸ ਦਾ ਅਸਲਾ ਸਾਡੀਆਂ ਤੋਟਾਂ ਤੋਂ ਉਠਦਾ ਹੈ। ਜਿਸ ਤਰ੍ਹਾਂ ਔਕੜ ਸਮੇਂ ਕਿਸਾਨ ਦੀ ਨਿਗਾਹ ਬਦੋਬਦੀ ਅਸਮਾਨ ਵੱਲ ਉਠਦੀ ਹੈ, ਜਿਸ ਤਰ੍ਹਾਂ ਭੁੱਖਾ ਬਾਲਕ ਉਛਲ ਉਛਲ ਆਪਣੀ ਮਾਂ ਦੀਆਂ ਛਾਤੀਆਂ ਵੱਲ ਲਪਕਦਾ ਹੈ, ਉਸੇ ਤਰ੍ਹਾਂ ਹੀ ਤੋਟ ਆਇਆ ਹਿਰਦਾ ਪ੍ਰਾਰਥਨਾ ਦੇ ਬਲ ਨਾਲ ਮਾਲਕ ਵੱਲ ਉਡਾਰੀ ਮਾਰਦਾ ਹੈ।**

ਕਿਸਾਨ ਦੀ ਨਿਗਾਹ ਬਦੋਬਦੀ ਅਸਮਾਨ ਵੱਲ ਉਠਦੀ ਹੈ, ਜਿਸ ਤਰ੍ਹਾਂ ਭੁੱਖਾ ਬਾਲਕ ਉਛਲ ਉਛਲ ਆਪਣੀ ਮਾਂ ਦੀਆਂ ਛਾਤੀਆਂ ਵੱਲ ਲਪਕਦਾ ਹੈ, ਉਸੇ ਤਰ੍ਹਾਂ ਹੀ ਤੋਟ ਆਇਆ ਹਿਰਦਾ ਪ੍ਰਾਰਥਨਾ ਦੇ ਬਲ ਨਾਲ ਮਾਲਕ ਵੱਲ ਉਡਾਰੀ ਮਾਰਦਾ ਹੈ।

ਪਰ ਸਾਡੀ ਅਰਦਾਸ ਵਿਚ ਕਦੇ ਮਾਲਕ ਨੂੰ ਮਿਲਣ ਖ਼ਾਤਰ ਉਡਾਰੀ ਮਾਰਨ ਦੀ ਬਿਹਬਲਤਾ ਨਹੀਂ ਹੁੰਦੀ, ਸਾਡੇ ਹਿਰਦੇ ਦੀ ਮੂਕ-ਵੇਦਨਾ ਕਦੇ ਇਹ ਆਵਾਜ਼ ਬਣ ਕੇ ਨਹੀਂ ਨਿਕਲਦੀ ਕਿ :

**ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥**
**ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥ ( ॥੨੨॥)**
**(ਸਲੋਕ ਮ. ੫, ਅੰਕ : ੧੪੨੬)**

ਸਾਡੀ ਅਰਦਾਸ ਵਿਚ ਕਦੇ ਉਸ ਪਰਮ-ਆਤਮਾ ਦੀ ਪ੍ਰਾਪਤੀ ਜਾਂ ਮਿਲਾਪ ਲਈ ਵਿਰਲਾਪ ਨਹੀਂ ਹੁੰਦਾ, ਸਗੋਂ ਸਾਡੀ ਅਰਦਾਸ ਬਹੁਤ ਘਟੀਆ ਪੱਧਰ ’ਤੇ ਰਹਿ ਜਾਂਦੀ ਹੈ। ਅਸਲ ਵਿਚ ਸਾਡਾ ਮਨ ਮਾਇਆ ਤੋਂ ਉਪਰ ਨਹੀਂ ਉਠ ਸਕਦਾ ਤੇ ਸਾਡੀਆਂ ਅਰਦਾਸਾਂ ਵਿਚ ਨਿਗੂਣੀਆਂ ਮੰਗਾਂ ਦੀ ਭਰਮਾਰ ਹੁੰਦੀ ਹੈ, “ਰੱਬਾ! ਸਾਨੂੰ ਐਹ ਦੇਹ, ਸਾਨੂੰ ਔਹ ਦੇਹ! ਸਾਡੀ ਹਾਲਤ ਬਿਲਕੁਲ ਉਸ ਭੁੱਖੇ ਭਿਖਾਰੀ ਵਰਗੀ ਹੁੰਦੀ ਹੈ ਜਿਸ ’ਤੇ ਇਕ ਰਾਜਾ ਪ੍ਰਸੰਨ ਹੋ ਗਿਆ ਤੇ ਕਹਿਣ ਲੱਗਾ, “ਕੁਝ ਮੰਗ ਲੈ।” ਭਿਖਾਰੀ ਆਪਣੀ ਭੁੱਖ ਤੋਂ ਉੱਪਰ ਉੱਠ ਨਾ ਸਕਿਆ ਤੇ ਕਹਿਣ ਲੱਗਾ, “ਮਹਾਰਾਜ, ਇਕ ਪਰਾਤ ਹਲਵੇ ਦੀ ਬਖ਼ਸ਼ ਦਿਓ।” ਇਹੀ ਹਾਲਤ ਸਾਡੀ ਹੈ। ਅਰਦਾਸ ਕਰਨ ਲੱਗਿਆਂ ਉਸ ਸੱਚੇ ਪਾਤਸ਼ਾਹ ਤੋਂ ਅਸੀਂ ਕੇਵਲ ਕੋਝੀਆਂ ਮੰਗਾਂ ਹੀ ਮੰਗਦੇ ਰਹਿੰਦੇ ਹਾਂ। ਕਾਰਨ ਇਹ ਹੈ, ਕਿ ਸਾਡੇ ਅੰਦਰ ਉਚੇਰਿਆਂ ਵੇਖਣ ਦੀ ‘ਨਦਰ’ ਨਹੀਂ ਹੁੰਦੀ।

ਮਾ. ਤਾਰਾ ਸਿੰਘ ਜੀ “ਕਿਉਂ ਵਰਨੀਂ ਕਿਵ ਜਾਣਾ” ਵਿਚ ਲਿਖਦੇ ਹਨ: “ਜਦ ਮੈਂ ਆਪਣੀ ਨਦਰ ਨਾਲ ਵੇਖਦਾ ਹਾਂ, ਤਾਂ ਮੇਰੀ ਅਰਦਾਸ ਮਨੋਕਾਮਨਾ ਦੀ ਪੂਰਤੀ ਲਈ ਹੁੰਦੀ ਹੈ। ਮੈਂ ਸਦਾ ਮੰਗਦਾ ਹਾਂ, ਅੱਜ ਇਹ, ਕੱਲ੍ਹ ਉਹ!... ਪਰ ਜੇ ਸਭ ਕੁਝ ਦੇਂਦੇ ਹੋਏ, ਆਪਣੀ ‘ਨਦਰ’ ਭੀ ਨਾਲ ਦੇ ਦੇਵੇ ਤਾਂ ਹੋਰ ਕਿਸੇ ਵਸਤੂ ਦੀ ਲੋੜ ਹੀ ਨਹੀਂ ਰਹੇਗੀ ਤੇ ਨਾ ਹੀ ਇਹ ਨਿੱਤ ਮੰਗਣ ਦੀ ਸਿਰਦਰਦੀ।

“ਮੈਂ ਸਦਾ ਇਹ ਚਾਹੁੰਦਾ ਹਾਂ ਕਿ ਸਦਾ ਮੇਰੀ ਮਰਜ਼ੀ ਚੱਲੇ। ਅਰਦਾਸ ਨਾਲ ਮੈਂ ਤੇਰੀ ਸ਼ਕਤੀ ਨੂੰ ਆਪਣੀ ਮਰਜ਼ੀ ਲਈ ਵਰਤਣਾ ਚਾਹੁੰਦਾ ਹਾਂ। ਜੇ ਇਹ ਅਰਦਾਸਾਂ ਪੂਰੀਆਂ ਕਰ ਦਏਂ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਤੇਰੀ ਸ਼ਕਤੀ ਮੇਰੀ ਮਰਜ਼ੀ ਨਾਲ ਕੰਮ ਕਰੇਗੀ। ਦੂਜੇ ਭਾਵ ਵਿਚ, ਮੈਂ ਇਕ ਖ਼ੁਦਾ ਹੋਵਾਂਗਾ ਜਿਸ ਦੀ ਸ਼ਕਤੀ ਤਾਂ ਖ਼ੁਦਾ ਵਰਗੀ ਹੋਵੇਗੀ, ਪਰ ਨੀਯਤ ਬੰਦੇ ਵਾਲੀ। ਇਸੇ ਨੀਯਤ ਦੇ ਕਾਰਨ ਇਹ ਸ਼ਕਤੀ ਕਿਸੇ ਨੂੰ ਅਧੀਨ ਕਰਨ ਲਈ ਵਰਤਣਾ ਚਾਹਾਂਗਾ, ਪਰ ਖ਼ੁਦਾ ਹੋਣ ਦੀ ਸੂਰਤ ਵਿਚ ਤਾਂ ਕੋਈ ਵਿਅਕਤੀ ਅਜਿਹਾ ਨਹੀਂ ਰਹਿਣਾ ਜੋ ਮੇਰੇ ਅਧੀਨ ਨਾ ਹੋਵੇ। ਸੋ ਆਖ਼ਰ ਮੈਨੂੰ ਰੱਬ ਵਾਲੀ ਨੀਯਤ ਵੀ ਵਰਤਣੀ ਪਵੇਗੀ। ਜਦ ਨੀਯਤ ਤੇ ਸ਼ਕਤੀ ਦੋਵੇਂ ਰੱਬ ਵਰਗੀਆਂ ਹੀ ਚਾਹੀਦੀਆਂ ਨੇ ਤਾਂ ਠੀਕ ਅਰਦਾਸ ਤਾਂ ਇਹ ਹੈ, ਕਿ ਮੈਂ ਆਪਣਾ ਆਪ ਬਣਾ ਦੇਹ ਯਾ ਦੂਜੇ ਸ਼ਬਦਾਂ ਵਿਚ, ਮੈਨੂੰ ਆਪਣੇ ਆਪ ਵਿਚ ਅਭੇਦ ਕਰ ਦੇਹ:

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥...॥੨॥ ( ॥੩॥)**
**(ਰਾਮਕਲੀ ਕੀ ਵਾਰ, ਮ. ੫, ਅੰਕ : ੯੫੮)**

ਪਰ ਅਸੀਂ ਮਨ ਦੀ ਭੁੱਖ ਲਾਹੁਣ ਲਈ ਕਦੇ ਅਰਦਾਸ ਨਹੀਂ ਕਰਦੇ, ਅਸੀਂ ਸਦਾ ਤਨ ਦੀ ਭੁੱਖ ਮਿਟਾਉਣ ਲਈ ਤਨ ਦੀਆਂ ਲੋੜਾਂ ਲਈ ਹਾੜੇ ਕੱਢਦੇ ਰਹਿੰਦੇ ਹਾਂ। ਅਸਲ ਵਿਚ ਅਸੀਂ ਇਕ ਅਟੁੱਟ ਕਾਰਨ ਦੀ ਸ਼ਰਨ ਨਹੀਂ ਲੈਂਦੇ, ਸਿਰਫ਼ ਬੱਚਿਆਂ ਦੇ ਲਾਡ ਲਡਾਉਣ ਵਾਲਾ ਰੱਬ ਰਚ ਲੈਂਦੇ ਹਾਂ। ਲੋੜ ਪਏ ਤਾਂ ਉਸ ਨੂੰ ਮੁਨਸਫ਼ ਮੰਨ ਲੈਂਦੇ ਹਾਂ ਤੇ ਜੇ ਇਨਸਾਫ਼ ਵਿਚ ਘਾਟਾ ਵੇਖੀਏ ਤਾਂ ਉਸ ਨੂੰ ਬਖ਼ਸ਼ਿੰਦ ਕਹਿ ਦਿੰਦੇ ਹਾਂ। ਇਹ ਸਿਦਕੋਂ ਟੁੱਟੇ ਹੋਣ ਦੀ ਨਿਸ਼ਾਨੀ ਹੈ, ਇਹੋ ਕਾਰਨ ਹੈ, ਸਾਡੀਆਂ ਬਹੁਤੀਆਂ ਅਰਦਾਸਾਂ ਦਾ ਅਸਰ ਘੱਟ ਹੁੰਦਾ ਹੈ। ਸਪਰਜਨ ਨੇ ਕਿਹਾ ਹੈ: “ਦਰਗਾਹ ਵਿਚ ਅਰਦਾਸਾਂ ਸਿਦਕ ਦੇ ਹਿਸਾਬ ਨਾਲ ਸੁਣੀਆਂ ਜਾਂਦੀਆਂ ਹਨ। ਥੋੜੇ ਜਿਹੇ ਸਿਦਕ ਨਾਲ ਬੜੀ ਦਯਾ ਪ੍ਰਾਪਤ ਹੁੰਦੀ ਹੈ, ਤੇ ਬਹੁਤੇ ਸਿਦਕ ਦਾ ਤਾਂ ਕਹਿਣਾ ਹੀ ਕੀ?”

ਅਸੀਂ ਮਨ ਦੀ ਭੁੱਖ ਲਾਹੁਣ ਲਈ ਕਦੇ ਅਰਦਾਸ ਨਹੀਂ ਕਰਦੇ, ਅਸੀਂ ਸਦਾ ਤਨ ਦੀ ਭੁੱਖ ਮਿਟਾਉਣ ਲਈ ਤਨ ਦੀਆਂ ਲੋੜਾਂ ਲਈ ਹਾੜੇ ਕੱਢਦੇ ਰਹਿੰਦੇ ਹਾਂ। ਅਸਲ ਵਿਚ ਅਸੀਂ ਇਕ ਅਟੁੱਟ ਕਾਰਨ ਦੀ ਸ਼ਰਨ ਨਹੀਂ ਲੈਂਦੇ, ਸਿਰਫ਼ ਬੱਚਿਆਂ ਦੇ ਲਾਡ ਲਡਾਉਣ ਵਾਲਾ ਰੱਬ ਰਚ ਲੈਂਦੇ ਹਾਂ। ਲੋੜ ਪਏ ਤਾਂ ਉਸ ਨੂੰ ਮੁਨਸਫ਼ ਮੰਨ ਲੈਂਦੇ ਹਾਂ ਤੇ ਜੇ ਇਨਸਾਫ਼ ਵਿਚ ਘਾਟਾ ਵੇਖੀਏ ਤਾਂ ਉਸ ਨੂੰ ਬਖ਼ਸ਼ਿੰਦ ਕਹਿ ਦਿੰਦੇ ਹਾਂ। ਇਹ ਸਿਦਕੋਂ ਟੁੱਟੇ ਹੋਣ ਦੀ ਨਿਸ਼ਾਨੀ ਹੈ, ਇਹੋ ਕਾਰਨ ਹੈ, ਸਾਡੀਆਂ ਬਹੁਤੀਆਂ ਅਰਦਾਸਾਂ ਦਾ ਅਸਰ ਘੱਟ ਹੁੰਦਾ ਹੈ। ਸਪਰਜਨ ਨੇ ਕਿਹਾ ਹੈ: “ਦਰਗਾਹ ਵਿਚ ਅਰਦਾਸਾਂ ਸਿਦਕ ਦੇ ਹਿਸਾਬ ਨਾਲ ਸੁਣੀਆਂ ਜਾਂਦੀਆਂ ਹਨ।”

ਅਰਦਾਸ ਕਰਨ ਲੱਗਿਆਂ ਈਸ਼ਵਰ ਦੀ ਹਸਤੀ ਦਾ ਵਿਸ਼ਵਾਸ ਹੋਵੇ, ਤਾਂ ਨਾਪਾਕ ਇਰਾਦਿਆਂ ਦੀ ਪ੍ਰਾਪਤੀ, ਕੁਟਲਤਾ ਭਰੀਆਂ ਚਾਲਾਂ ਦੀ ਸਫ਼ਲਤਾ ਤੇ ਚੋਰੀਆਂ ਦੇ ਛੁਪਾਉਣ ਲਈ ਅਰਦਾਸਾਂ ਕਿਸ ਤਰ੍ਹਾਂ ਹੋ ਸਕਦੀਆਂ ਹਨ? ਅਕਾਲ ਪੁਰਖ ਦੀ ਦਰਗਾਹ ਵਿਚ ਗ਼ਲਤੀਆਂ ਮੁਆਫ਼ ਹੋ ਸਕਦੀਆਂ ਹਨ, ਪਰ ਕਪਟ ਨੂੰ ਕੋਈ ਥਾਂ ਨਹੀਂ :

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥**
**ਜਿਨ੍ਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥ ...( ॥੪॥੪॥੧੧॥)**
**(ਆਸਾ ਮ. ੪, ਅੰਕ : ੪੫੦)**

ਇਕ ਨਿੱਕੀ ਜਿਹੀ ਕਹਾਣੀ ਤੁਸਾਂ ਆਮ ਸੁਣੀ ਏ: ਕੋਈ ਇਕ ਜੱਟ ਸੀ, ਜਦ ਉਹ ਆਪਣੀ ਗਾਂ ਚੋਣ ਲੱਗਦਾ ਤਾਂ ਗੁਆਂਢੀ ਦਾ ਖੋਤਾ ਹੀਂਗ ਪੈਂਦਾ। ਗਾਂ ਛਹਿੜ ਜਾਂਦੀ ਤੇ ਦੁੱਧ ਨਾ ਦਿੰਦੀ। ਉਹ ਨਿੱਤ ਅਰਦਾਸਾਂ ਕਰਦਾ, “ਹੇ ਰੱਬਾ! ਮੇਰੇ ਗੁਆਂਢੀ ਦਾ ਖੋਤਾ ਮਰ ਜਾਏ।” ਦੇਵਨੇਤ, ਕੁਝ ਦਿਨਾਂ ਨੂੰ ਉਸ ਦੀ ਗਾਂ ਮਰ ਗਈ। ਉਸ ਨੂੰ ਬੜਾ ਕ੍ਰੋਧ ਆਇਆ। ਕਹਿਣ ਲੱਗਾ, “ਹੇ ਰੱਬਾ, ਉਮਰਾਂ ਹੋ ਗਈਆਂ ਤੈਨੂੰ ਦੁਨੀਆ ’ਤੇ ਰਾਜ ਕਰਦਿਆਂ, ਪਰ ਤੈਨੂੰ ਅਜੇ

ਤੱਕ ਗਾਂ ਤੇ ਖੋਤੇ ਵਿਚ ਫ਼ਰਕ ਨਹੀਂ ਪਤਾ ਲੱਗਾ।"

ਅਸਲ ਵਿਚ ਜਿਵੇਂ ਬਾਲਕ ਅੱਗ ਵਿਚ ਹੱਥ ਪਾਉਣ ਲੱਗੇ ਤਾਂ ਮਾਂ ਚਪੇੜ ਕੱਢ ਮਾਰਦੀ ਹੈ, ਉਸ ਤਰ੍ਹਾਂ ਜਦ ਗੁੰਮਰਾਹ ਮਨੁੱਖ ਕਪਟ ਦੀ ਅੱਗ ਵਿਚ ਹੱਥ ਪਾਉਣ ਲੱਗਦਾ ਹੈ ਤਾਂ ਅਕਾਲ ਪੁਰਖ ਦਾ ਮਿਹਰ ਭਰਿਆ ਹੱਥ ਕਹਿਰ ਬਣ ਕੇ ਉਸ ਨੂੰ ਬਚਾਉਂਦਾ ਹੈ। ਇਸ ਕਹਿਰ ਵਿਚ ਵੀ ਮਿਹਰ ਭੇਦ ਵਾਂਗ ਲੁਕੀ ਹੋਈ ਹੁੰਦੀ ਹੈ ਤੇ ਬਿਲਕੁਲ ਮਾਂ ਦੀ ਮਿਹਰ ਵਾਂਗੂ ਹੁੰਦੀ ਹੈ, ਜੋ ਚਪੇੜ ਮਾਰਨ ਤੋਂ ਬਾਅਦ ਬਾਲਕ ਨੂੰ ਗਲ ਨਾਲ ਲਾ ਲੈਂਦੀ ਹੈ :

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**

**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ... ॥੨॥( ॥੪॥੧੨॥੬੨॥)**

(**ਸੋਰਠਿ ਮ. ੫, ਅੰਕ : ੬੨੪**)

ਪਰ ਬਜਾਇ ਇਸ ਸਜ਼ਾ ਨੂੰ ਮਿਹਰ ਸਮਝ ਕੇ ਸ਼ੁਕਰ ਕਰਨ ਦੇ, ਅਸੀਂ ਨਾਲਾਇਕ ਬਾਲਕ ਵਾਂਗੂੰ ਚੀਕ ਚਿਹਾੜਾ ਪਾ ਦਿੰਦੇ ਹਾਂ ਤੇ ਮਿਹਰਾਂ ਦੇ ਦਾਤੇ ਰੱਬ ਨੂੰ ਕੋਸਣ 'ਤੇ ਉੱਤਰ ਆਉਂਦੇ ਹਾਂ। ਰੱਬ ਨਾਲ ਗੁੱਸੇ ਹੋਇਆ ਕਵੀ ਇਸ ਤਰ੍ਹਾਂ ਰੱਬ ਨੂੰ ਕੋਸਦਾ ਹੈ, ਉਹ ਕਹਿੰਦਾ ਹੈ:

**"ਸਰਬ ਸ਼ਕਤੀਮਾਨ ਪਰਮੇਸ਼ਰ ਕਹਾਵਣ ਵਾਲਿਆ,**

**ਰਹਿਮ ਦੇ ਬੁਰਕੇ ਦੇ ਵਿਚ ਅੰਨ੍ਹੀ ਮਚਾਵਣ ਵਾਲਿਆ,**

**ਬਾਨੀਆ ਕਤਲਾਂ ਦਿਆਂ, ਡਾਕੇ ਪੁਆਵਣ ਵਾਲਿਆ,**

**ਅਧਮੀਟੀਆਂ ਕਲੀਆਂ ਨੂੰ, ਮਿੱਟੀ ਵਿਚ ਮਿਲਾਵਣ ਵਾਲਿਆ,**

**ਸੰਗ-ਦਿਲੀ ਦਾ ਤੇਰੇ ਸਿਰ, ਇਲਜ਼ਾਮ ਅੱਜ ਧਰਦਾ ਹਾਂ ਮੈਂ,**

**ਤੈਥੋਂ ਬਾਗ਼ੀ ਹੋਣ ਦਾ ਐਲਾਨ ਅੱਜ ਕਰਦਾ ਹਾਂ ਮੈਂ!"**

**ਪਰ ਅਜਿਹੇ ਵਾਵੇਲੇ ਤੇ ਰੋਲੇ-ਗੋਲੇ ਦਾ ਕੋਈ ਲਾਭ ਨਹੀਂ, ਕਿਉਂਕਿ:**

**ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ... ॥੩॥ ( ॥੨੨॥)**

(**ਆਸਾ ਦੀ ਵਾਰ, ਮ.੨, ਅੰਕ :੪੭੪**)

ਅਜਿਹੇ ਵੇਲੇ ਵੀ ਕੇਵਲ ਅਰਦਾਸ ਹੀ ਸਾਨੂੰ ਨਾ-ਸ਼ੁਕਰੇ ਹੋਣ ਤੋਂ ਬਚਾਅ ਸਕਦੀ ਹੈ। ਤੇ ਕੇਵਲ ਅਰਦਾਸ ਦੀ ਸਹਾਇਤਾ ਨਾਲ ਹੀ ਅਸੀਂ ਉਸ ਕਹਿਰ ਨੂੰ ਮਿਹਰ ਸਮਝਣ ਵਿਚ ਸਮਰੱਥ ਹੋ ਸਕਦੇ ਹਾਂ।

ਸਾਡੀਆਂ ਅਰਦਾਸਾਂ ਵਿਚ ਇਕ ਹੋਰ ਵੀ ਵੱਡੀ ਘਾਟ ਹੁੰਦੀ ਹੈ। ਉਹ ਇਹ ਕਿ ਅਸੀਂ ਸਦਾ ਸੌਖੇ ਜੀਵਨ ਲਈ ਅਰਦਾਸਾਂ ਕਰਦੇ ਹਾਂ। ਤੁਸੀਂ ਹਰ ਰੋਜ਼ ਕਿਤਨੀਆਂ ਅਰਦਾਸਾਂ ਸੁਣਦੇ ਹੋ, "ਸੱਚੇ ਪਾਤਸ਼ਾਹ! ਫਲਾਣੇ ਫਲਾਣੇ ਨੂੰ ਦੇਹ-ਅਰੋਗਤਾ ਬਖ਼ਸ਼ੀਂ।" ਕਿਸੇ ਨੂੰ ਇਹ ਅਰਦਾਸ ਕਰਦਿਆਂ ਘੱਟ ਹੀ ਸੁਣਿਆ ਹੋਵੇਗਾ, "ਸੱਚੇ ਪਾਤਸ਼ਾਹ, ਦੁਖ ਬਖ਼ਸ਼ਿਆ ਈ, ਦੁਖ ਜਰਨ ਦਾ ਬਲ ਵੀ ਦੇਹ!" ਸਭ ਇਹੋ ਹੀ ਅਰਦਾਸਾਂ ਕਰਦੇ ਹਨ, "ਸੱਚੇ ਪਾਤਸ਼ਾਹ, ਦੁਖ ਕੱਟ!" ਇਕ ਅੰਗਰੇਜ਼ ਮਹਾਤਮਾ ਦਾ ਕਥਨ ਹੈ, "ਇਹ ਅਰਦਾਸ ਨਾ ਕਰੋ, ਕਿ ਰੱਬਾ ਮੇਰਾ ਜੀਵਨ ਸੁਖਾਲਾ ਕਰ, ਸਗੋਂ ਇਹ ਅਰਦਾਸ ਕਰੋ ਕਿ ਰੱਬਾ ਮੈਨੂੰ ਤਕੜਾ ਇਨਸਾਨ ਬਣਾ।" ਜਦ ਅਸੀਂ ਦੁਖ ਜਰਨ ਦਾ ਬਲ ਮੰਗਣ ਲਈ ਅਰਦਾਸ ਕਰਾਂਗੇ ਤਾਂ ਦੁਖ, ਦੁਖ ਨਹੀਂ ਜਾਪੇਗਾ, ਸਗੋਂ ਸੁੱਖ ਹੋ ਹੋ ਲੱਗੇਗਾ।

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ... ॥੧॥ ( ॥੨॥)**

(**ਆਸਾ ਦੀ ਵਾਰ, ਸਲੋਕੁ ਮ. ੧, ਅੰਕ : ੪੬੯**)

ਅਸਲ ਵਿਚ ਜੇ ਸਿਦਕ ਨਾਲ ਅਰਦਾਸ ਕੀਤੀ ਜਾਵੇ ਤਾਂ ਸਰੀਰਕ ਤੇ ਮਾਨਸਿਕ ਰੋਗ ਵੀ ਨੇੜੇ ਨਹੀਂ ਆ ਸਕਦੇ।

ਅਰਦਾਸ ਨਾ-ਕੇਵਲ ਸਰੀਰਕ ਤੇ ਮਾਨਸਿਕ ਰੋਗਾਂ ਦਾ ਹੀ ਦਾਰੂ ਹੈ, ਸਗੋਂ ਆਤਮਿਕ ਉੱਨਤੀ ਵਿਚ ਵੀ ਸਹਾਇਕ ਹੁੰਦੀ ਹੈ। ਭਗਤੀ ਮਾਰਗ ਵਿਚ ਜੋ ਆਸਰਾ ਅਰਦਾਸ ਨਾਲ ਮਿਲਦਾ ਹੈ, ਉਹ ਕਿਸੇ ਹੋਰ ਸਾਧਨ ਨਾਲ ਨਹੀਂ ਮਿਲ ਸਕਦਾ। ਸਿਮਰਨ ਅਤੇ ਗਿਆਨ ਦੀ ਟੇਕ ਵੀ ਅਰਦਾਸ 'ਤੇ ਹੀ ਹੈ। ਅਰਦਾਸ ਨਾਲ ਇਨ੍ਹਾਂ ਦਾ ਜੋ ਸਬੰਧ ਹੈ, ਉਸ ਬਾਰੇ ਸ. ਰਘਬੀਰ ਸਿੰਘ ਬੀਰ ਇਉਂ ਲਿਖਦੇ ਹਨ:

"ਜਿਸ ਤਰ੍ਹਾਂ ਕਰਮ-ਯੋਗ ਤੇ ਗਿਆਨ-ਯੋਗ ਅਸਲ ਵਿਚ ਇਕੋ ਜੀਵਨ ਦੇ ਵੱਖੋ-ਵੱਖਰੇ ਪਹਿਲੂ ਹਨ, ਉਸ ਤਰ੍ਹਾਂ ਅਰਦਾਸ, ਸਿਮਰਨ ਤੇ ਗਿਆਨ ਅਸਲ ਵਿਚ ਅਭਿਆਸ ਦੇ ਤਿੰਨ ਅਲਹਿਦਾ ਅਲਹਿਦਾ ਸਰੂਪ ਹਨ। ਅਰਦਾਸ ਤੋਂ ਸਿਮਰਨ ਵੱਧਦਾ ਤੇ ਪ੍ਰਪੱਕ ਹੁੰਦਾ ਹੈ, ਸਿਮਰਨ ਤੋਂ ਗਿਆਨ ਉਪਜਦਾ ਹੈ, ਗਿਆਨ ਵਧਣ ਨਾਲ ਅਰਦਾਸ ਸ਼ੁੱਧ ਤੇ ਉਚੇਰੀ ਹੁੰਦੀ ਜਾਂਦੀ ਹੈ। ਅਰਦਾਸ ਦੇ ਸ਼ੁੱਧ ਹੋਣ ਨਾਲ ਸਿਮਰਨ ਦ੍ਰਿੜ੍ਹ ਹੁੰਦਾ ਹੈ, ਸਿਮਰਨ ਦੇ ਦ੍ਰਿੜ੍ਹ ਹੋਣ ਨਾਲ ਸੂਖਸ਼ਮ ਗਿਆਨ ਪ੍ਰਾਪਤ ਕਰਨ ਵਿਚ ਸਹਾਇਤਾ ਮਿਲਦੀ ਹੈ। ਅਰਦਾਸ, ਸਿਮਰਨ, ਗਿਆਨ, ਇਕ ਦੂਜੇ 'ਤੇ ਅਸਰ ਪਾਉਂਦੇ ਹਨ ਤੇ ਇਕ ਦੂਜੇ ਦੀ ਮਦਦ ਕਰਦੇ ਹਨ।... ਜਦ ਮੇਰੇ ਅੰਦਰੋਂ ਬਿਹਬਲਤਾ ਦੀਆਂ ਅਰਦਾਸਾਂ ਨਿਕਲਣ, ਮੈਂ ਉਨ੍ਹਾਂ ਦਾ ਅਸਰ ਸਿਮਰਨ ਵਿਚ ਤਰੱਕੀ ਵੇਖੀ ਹੈ। ਜਦ ਸਿਮਰਨ ਵੱਲ ਜ਼ਿਆਦਾ ਦਿਲ ਲੱਗੇ ਤਾਂ ਗਿਆਨ ਦੇ ਖ਼ਿਆਲ ਆਉਂਦੇ ਰਹੇ ਹਨ। ਅਰਦਾਸ, ਸਿਮਰਨ ਤੇ ਗਿਆਨ ਆਪਸ ਵਿਚ ਇਕ ਦੂਜੇ 'ਤੇ ਅਸਰ ਕਰਦੇ, ਬਿਰਤੀ ਨੂੰ ਉਚੇਰੇ ਮੰਡਲਾਂ ਵਿਚ ਲਿਆਉਣ ਦਾ ਕਾਰਨ ਦੇਖੇ ਗਏ ਹਨ।"

## ਇਤਿਹਾਸਕ ਪਿਛਵਾੜਾ

ਅਰਦਾਸੇ ਦੀ ਸਿੱਖ ਮੱਤ ਵਿਚ ਇਕ ਨਿਵੇਕਲੀ ਹੀ ਥਾਂ ਹੈ। ਕੋਈ ਰਸਮ ਵੀ ਭਾਵੇਂ ਉਹ ਧਾਰਮਿਕ ਹੋਵੇ, ਭਾਵੇਂ ਦੁਨਿਆਵੀ, ਅਰਦਾਸ ਤੋਂ ਬਿਨਾਂ ਮੁਕੰਮਲ ਨਹੀਂ ਸਮਝੀ ਜਾਂਦੀ। ਸਫ਼ਰ ਜਾਣ ਵੇਲੇ, ਹੱਟੀ ਖੋਲ੍ਹਣ ਸਮੇਂ, ਨਵੇਂ ਘਰ ਵਿਚ ਪਰਵੇਸ਼ ਕਰਨ ਲੱਗਿਆਂ, ਸਿੱਖ ਅਰਦਾਸਾ ਸੋਧਦਾ ਹੈ। ਜੇ ਹੋ ਸਕੇ ਤਾਂ ਉਹ ਕੀਰਤਨ ਵੀ ਕਰਵਾਉਂਦਾ ਹੈ ਤੇ ਗੁਰਵਾਕ ਰਾਹੀਂ ਹੁਕਮ ਵੀ ਸੁਣਦਾ ਹੈ, ਪਰ ਉਹ ਅਰਦਾਸ ਨੂੰ ਕਦੇ ਨਜ਼ਰ-ਅੰਦਾਜ਼ ਨਹੀਂ ਕਰਦਾ, ਕਿਉਂਕਿ ਉਸ ਦੀ ਆਸਾ ਹੈ:

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**

**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ... ॥੨੦॥**

(**ਸਿਰੀਰਾਗੁ ਵਾਰ ਮ. ੪, ਪਉੜੀ, ਅੰਕ : ੯੧**)

ਅਰਦਾਸ ਦਾ ਰਿਵਾਜ਼ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਬਾਬਾ ਨਾਨਕ ਜੀ ਜਦ ਇਕ ਵਾਰੀ ਤਲਵੰਡੀ ਤੋਂ ਸੁਲਤਾਨਪੁਰ ਜਾਣ ਲਈ ਤਿਆਰ ਹੋਏ, ਤਾਂ ਰਾਇ ਬੁਲਾਰ ਨੇ ਉਨ੍ਹਾਂ ਨੂੰ ਸੱਦਾ-ਪੱਤਰ ਘੱਲ ਕੇ ਆਪਣੇ ਘਰ ਪ੍ਰੀਤੀ-ਭੋਜਨ ਅਤੇ ਬਚਨ-ਬਿਲਾਸ ਲਈ ਬੁਲਾਇਆ। ਜਦ ਬਾਬਾ ਜੀ ਉਸ ਪਾਸੋਂ ਵਿਦਾ ਹੋਣ ਲੱਗੇ ਤਾਂ ਰਾਇ ਬੁਲਾਰ ਨੇ ਪੁੱਛਿਆ,"ਸ੍ਰੀ ਨਾਨਕ ਜੀ, ਤੁਸੀਂ ਹੁਣ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਮੁੜ ਕਦੋਂ ਦਰਸ਼ਨ ਹੋਣ, ਇਸ ਲਈ ਕੋਈ ਉਪਦੇਸ਼ ਕਰ ਜਾਓ।" ਬਾਬਾ ਜੀ ਨੇ ਉਸ ਦਾ ਪ੍ਰੇਮ ਵੇਖ ਕੇ ਉਸ ਨੂੰ ਉੱਤਰ ਦਿੱਤਾ "ਰਾਇ ਜੀ! ਸਾਡੀ ਸਿੱਖਿਆ ਇਹੀ ਹੈ ਕਿ ਜਦ ਤੁਹਾਡਾ ਬਲ ਕੰਮ ਨਾ ਕਰੇ ਤਾਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਦੀ ਸ਼ਰਨੀ ਪੈ ਜਾਣਾ ਤੇ ਅਰਦਾਸ ਕਰਨੀ।"

ਮੁਹਸਨ ਫਾਨੀ ਨੇ ਲਿਖਿਆ ਹੈ ਕਿ ਜਦ ਕਿਸੇ ਸਿੱਖ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਸੀ ਤਾਂ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੋ ਕੇ ਸਿੱਖ ਸੰਗਤ ਪਾਸੋਂ ਅਰਦਾਸ ਕਰਵਾਉਂਦਾ ਸੀ।

ਦਸਮ ਪਾਤਸ਼ਾਹ ਤੱਕ ਇਹੋ ਮਰਿਯਾਦਾ ਕਾਇਮ ਰਹੀ। ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਚੜ੍ਹਾਈ ਕੀਤੀ ਤਾਂ ਮਹਾਰਾਜ ਨੇ ਉਸ ਨੂੰ ਹੁਕਮ ਦਿੱਤਾ, "ਜਦ ਕੋਈ ਭੀੜ

> ਮੁਹਸਨ ਫਾਨੀ ਨੇ ਲਿਖਿਆ ਹੈ ਕਿ ਜਦ ਕਿਸੇ ਸਿੱਖ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਸੀ ਤਾਂ ਗੁਰੂ ਕੇ ਦਰਬਾਰ ਵਿਚ ਹਾਜ਼ਰ ਹੋ ਕੇ ਸਿੱਖ ਸੰਗਤ ਪਾਸੋਂ ਅਰਦਾਸ ਕਰਵਾਉਂਦਾ ਸੀ। ਦਸਮ ਪਾਤਸ਼ਾਹ ਤੱਕ ਇਹੋ ਮਰਿਯਾਦਾ ਕਾਇਮ ਰਹੀ। ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਚੜ੍ਹਾਈ ਕੀਤੀ ਤਾਂ ਮਹਾਰਾਜ ਨੇ ਉਸ ਨੂੰ ਹੁਕਮ ਦਿੱਤਾ, ''ਜਦ ਕੋਈ ਭੀੜ ਬਣੇ, ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।'' ਦਸਮ ਪਾਤਸ਼ਾਹ ਤੋਂ ਮਗਰੋਂ ਅਰਦਾਸ ਖ਼ਾਲਸਾ ਜੀ ਦੀ ਰਵਾਇਤ ਵਿਚ ਸ਼ਾਮਲ ਹੋ ਗਈ। ਸਿੱਖ ਇਤਿਹਾਸ ਦਾ ਹਰ ਸਾਕਾ ਅਰਦਾਸ ਦੀਆਂ ਨੀਹਾਂ 'ਤੇ ਖੜੋਤਾ ਹੈ।

ਬਣੇ, ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।"

ਦਸਮ ਪਾਤਸ਼ਾਹ ਤੋਂ ਮਗਰੋਂ ਅਰਦਾਸ ਖ਼ਾਲਸਾ ਜੀ ਦੀ ਰਵਾਇਤ ਵਿਚ ਸ਼ਾਮਲ ਹੋ ਗਈ। ਸਿੱਖ ਇਤਿਹਾਸ ਦਾ ਹਰ ਸਾਕਾ ਅਰਦਾਸ ਦੀਆਂ ਨੀਹਾਂ 'ਤੇ ਖੜੋਤਾ ਹੈ। ਮਿਸਲਾਂ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦੀ ਰਾਮਗੜ੍ਹੀਆ ਮਿਸਲ ਨਾਲ ਕੁਝ ਵਿਗੜ ਗਈ। ਉਹ ਪੰਜਾਬ ਛੱਡ ਕੇ ਬਾਂਗਰ ਵੱਲ ਚਲੇ ਗਏ। ਪ੍ਰਦੇਸ ਵਿਚ ਉਨ੍ਹਾਂ ਨੂੰ ਬਹੁਤ ਤੰਗੀ ਆ ਗਈ। ਇਸ ਪਰ ਸਰਦਾਰ ਜੀ ਨੇ ਅਰਦਾਸ ਕੀਤੀ। ਖੂਹ ਵਿਚੋਂ ਪਾਣੀ ਕੱਢਣ ਲੱਗੇ ਤਾਂ ਵਿਚੋਂ ਮੋਹਰਾਂ ਨਿਕਲ ਆਈਆਂ-ਤੰਗੀ ਦੂਰ ਹੋਈ। (ਪੰਥ ਪ੍ਰਕਾਸ਼- ਰਤਨ ਸਿੰਘ ਭੰਗੂ)

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਫ਼ੌਜ ਅੱਗੇ ਵੱਧ ਰਹੀ ਸੀ। ਰਸਤੇ ਵਿਚ ਅਟਕ ਦਰਿਆ ਨੂੰ ਪਾਰ ਕਰਨਾ ਸੀ। ਜਦ ਉਥੇ ਪਹੁੰਚੇ ਤਾਂ ਵੇਖਿਆ ਕਿ ਅਟਕ ਬਹੁਤ ਚੜ੍ਹਿਆ ਹੋਇਆ ਹੈ ਤੇ ਫ਼ੌਜ ਦਾ ਪਾਰ ਕਰਨਾ ਕਠਿਨ ਹੀ ਨਹੀਂ, ਸਗੋਂ ਨਾ-ਮੁਮਕਿਨ ਹੈ। ਮਹਾਰਾਜਾ ਜੀ ਨੇ ਘੋੜੇ ਤੋਂ ਉਤਰ ਕੇ ਗਲ ਵਿਚ ਪੱਲਾ ਪਾ ਕੇ ਅਰਦਾਸ ਕੀਤੀ, ਤੇ ਫਿਰ ਕਿਹਾ, "ਜਾ ਕੇ ਮਨ ਮੈਂ ਅਟਕ ਹੈ, ਤਾ ਕੋ ਅਟਕ ਰਹੇ।" ਤੇ ਇਸ ਤੋਂ ਬਾਅਦ ਫ਼ੌਜਾਂ ਨੂੰ ਘੋੜੇ ਦਰਿਆ ਵਿਚ ਸੁੱਟ ਦੇਣ ਦਾ ਹੁਕਮ ਕਰ ਦਿੱਤਾ। ਕਹਿੰਦੇ ਹਨ, ਸਾਰੀ ਫ਼ੌਜ ਸਹੀ-ਸਲਾਮਤ ਪਾਰ ਲੰਘ ਗਈ। (ਜ਼ਫ਼ਰਨਾਮਾ-ਰੋਜ਼ਨਾਮਚਾ ਦੀਵਾਨ ਅਮਰ ਨਾਥ।)

ਕਈ ਅੰਗਰੇਜ਼ ਲਿਖਾਰੀ ਲਿਖਦੇ ਹਨ ਕਿ ਉਦੋਂ ਉਪਰ ਪਹਾੜਾਂ 'ਤੇ ਇਕ ਗਲੇਸ਼ੀਅਰ (ਬਰਫ਼ਾਨੀ ਤੋਦਾ) ਡਿੱਗ ਪਿਆ ਸੀ ਤੇ ਉਸ ਨੇ ਕੁਝ ਚਿਰ ਲਈ ਦਰਿਆ ਦਾ ਵਹਾਅ ਰੋਕ ਲਿਆ ਤੇ ਫ਼ੌਜਾਂ ਲੰਘ ਗਈਆਂ।

ਜਦੋਂ ਸ਼ੇਰੇ-ਪੰਜਾਬ ਨੇ ਨੁਸ਼ਹਿਰੇ ਦੀ ਜੰਗ ਲਈ ਚੜ੍ਹਾਈ ਕੀਤੀ ਤਾਂ ਅਗਲੇ ਦਸਤੇ ਦੀ ਕਮਾਨ ਅਕਾਲੀ ਫੂਲਾ ਸਿੰਘ ਜੀ ਕਰ ਰਹੇ ਸਨ। ਸ਼ੇਰੇ-ਪੰਜਾਬ ਨੂੰ ਪਤਾ ਲੱਗਾ ਕਿ ਪਠਾਣੀ ਫ਼ੌਜ ਦੀ ਗਿਣਤੀ ਤੇ ਤਾਕਤ ਬਹੁਤ ਜ਼ਿਆਦਾ ਹੈ, ਇਸ ਲਈ ਉਨ੍ਹਾਂ ਨੇ ਹਮਲਾ ਮੁਲਤਵੀ ਕਰਨ ਦਾ ਖ਼ਿਆਲ ਕੀਤਾ। ਉਹ ਅਕਾਲੀ ਫੂਲਾ ਸਿੰਘ ਨੂੰ ਕਹਿਣ ਲੱਗੇ, "ਅਕਾਲੀ ਜੀ! ਅੱਗੇ ਖ਼ਤਰਾ ਬਹੁਤ ਹੈ, ਦੁਸ਼ਮਣ ਭਾਰੀ ਗਿਣਤੀ ਵਿਚ ਇਕੱਠਾ ਹੋਇਆ ਹੈ, ਤੁਸੀਂ ਅੱਗੇ ਨਾ ਵਧੋ।" ਅਕਾਲੀ ਜੀ ਨੇ ਉੱਤਰ ਦਿੱਤਾ, "ਅਸੀਂ ਅਰਦਾਸ ਸੋਧ ਚੁੱਕੇ ਹਾਂ, ਹੁਣ ਕਿਸੇ ਸੂਰਤ ਵੀ ਰੁਕ ਨਹੀਂ ਸਕਦੇ। ਫ਼ਤਹਿ ਤਾਂ ਗੁਰੂ ਜੀ ਨੇ ਬਖ਼ਸ਼ਣੀ ਹੈ।" ਇਹ ਹੈ ਮਿਸਾਲ ਉਸ ਭਰੋਸੇ ਦੀ, ਜੋ ਸਿੱਖ ਪੰਥ ਵਿਚ ਅਰਦਾਸ 'ਤੇ ਕੀਤਾ ਜਾਂਦਾ ਹੈ।

ਅਰਦਾਸ ਕਰਨ ਲਈ ਕਿਸੇ ਤਜ਼ਰਬੇਕਾਰ ਦੀ ਲੋੜ ਨਹੀਂ ਪੈਂਦੀ। ਹਰ ਬੁੱਢਾ, ਇਸਤ੍ਰੀ, ਪੁਰਖ, ਅਮੀਰ, ਗਰੀਬ ਅਰਦਾਸ ਕਰ ਸਕਦਾ ਹੈ। ਇਕ ਨਿੱਕਾ ਜਿਹਾ ਬਾਲਕ ਵੀ ਸੌ ਸਿਆਣਿਆਂ ਦੇ ਇਕੱਠ ਵਿਚੋਂ ਅੱਗੇ ਵੱਧ ਕੇ ਅਰਦਾਸ ਕਰਨ ਦਾ ਭਾਗੀ ਹੈ। ਅਰਦਾਸ ਦੀ ਲੰਬਾਈ ਕੋਈ ਮੁਕੱਰਰ ਨਹੀਂ।

ਇਹ ਦੋ ਸ਼ਬਦਾਂ ਵਿਚ ਵੀ ਹੋ ਸਕਦੀ ਹੈ ਤੇ ਬਿਨਾਂ ਬੋਲਿਆਂ ਵੀ। ਕਹਿੰਦੇ ਹਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਇਕ ਬੁੱਢੀ ਮਾਈ ਹਾਜ਼ਰ ਹੋਈ। ਗਲ ਵਿਚ ਪੱਲਾ ਪਾਈ, ਦੋਵੇਂ ਹੱਥ ਬੱਧੀ ਉਹ ਹਜ਼ੂਰ ਦੇ ਸਾਹਮਣੇ ਖਲੋ ਗਈ ਤੇ ਅੱਖਾਂ ਮੀਟ ਕੇ ਕਹਿਣ ਲੱਗੀ, "ਤੂੰ ਭੁਲਣ ਤੇ ਮੈਂ ਬਖ਼ਸ਼ਣਹਾਰ; ਤੂੰ ਦੀਨ ਤੇ ਮੈਂ ਦਿਆਲ; ਤੂੰ ਨਿਤਾਣਾ ਤੇ ਮੈਂ ਤੇਰਾ ਤਾਣ।"

ਚੌਰ-ਬਰਦਾਰ ਜੋ ਮਹਾਰਾਜ ਦੇ ਪਿੱਛੇ ਖੜਾ ਚੌਰ ਕਰ ਰਿਹਾ ਸੀ, ਕ੍ਰੋਧ ਵਿਚ ਆ ਕੇ ਕਹਿਣ ਲੱਗਾ, "ਓ ਮਾਈ, ਕੀ ਪਈ ਕਹਿਨੀ ਏਂ, ਕੁਝ ਹੋਸ਼ ਕਰ!" ਪਰ ਮਹਾਰਾਜ ਕਹਿਣ ਲੱਗੇ, "ਭਾਈ ਜੀ! ਮੈਂ ਮਾਈ ਦੇ ਮੂੰਹੋਂ ਨਿਕਲੇ ਸ਼ਬਦ ਨਹੀਂ ਸੁਣ ਰਿਹਾ, ਮੈਂ ਤਾਂ ਉਸ ਦਾ ਦਿਲ ਪੜ੍ਹ ਰਿਹਾ ਵਾਂ।"

ਘੋੜੇ 'ਤੇ ਚੜ੍ਹਨ ਲੱਗਿਆਂ, ਰਕਾਬ 'ਤੇ ਪੈਰ ਧਰ ਕੇ ਜੇ ਕੋਈ ਸੂਰਬੀਰ ਸਵਾਰ ਇਤਨਾ ਵੀ ਆਖ ਦਿੰਦਾ ਹੈ, "ਹੇ ਨੀਲੇ ਘੋੜੇ ਵਾਲਿਆ, ਆਪਣੇ ਦਾਸ ਦੀ ਸਹਾਇਤਾ ਕਰੀਂ", ਤਾਂ ਇਹ ਵੀ ਆਪਣੇ ਆਪ ਵਿਚ ਮੁਕੰਮਲ ਅਰਦਾਸ ਹੈ।

ਪਰ ਆਮ ਤੌਰ 'ਤੇ ਜੋ ਅਰਦਾਸ ਰਵਾਇਤੀ ਤੌਰ 'ਤੇ ਕੀਤੀ ਜਾਂਦੀ ਹੈ, ਤੇ ਜਿਸ ਨੇ ਅਨੇਕਾਂ ਇਤਿਹਾਸਕ ਅਦਲਾ-ਬਦਲੀਆਂ ਬਾਅਦ ਮੌਜੂਦਾ ਸ਼ਕਲ ਅਖ਼ਤਿਆਰ ਕੀਤੀ ਹੈ, ਉਹ ਚਾਰ ਅੰਗਾਂ ਦੀ ਸੰਯੁਕਤ ਹੈ:

(੧) ਪਹਿਲਾ ਹਿੱਸਾ ਬਾਣੀ ਵਿਚ ਹੈ, ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ੍ਰੀ ਮੁਖ ਵਾਕ ਹੈ।

(੨) ਦੂਜਾ ਹਿੱਸਾ ਸੰਗੀਤਕ ਨਸਰ ਵਿਚ ਹੈ। ਇਸ ਭਾਗ ਵਿਚ ਸਿੱਖ ਇਤਿਹਾਸ ਦੇ ਮੁਖੀ ਸ਼ਹੀਦਾਂ, ਹਠੀਆਂ, ਤਪੀਆਂ ਆਦਿ ਦਾ ਅਤੇ ਸਿੱਖ ਨਿਸ਼ਾਨੇ ਦਾ ਸੰਖੇਪ ਤੌਰ 'ਤੇ ਜ਼ਿਕਰ ਹੈ।

(੩) ਤੀਸਰਾ ਹਿੱਸਾ ਬੇਨਤੀ ਦਾ ਹੈ। ਇਸ ਵਿਚ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਅਰਜ਼ੋਈ ਕੀਤੀ ਜਾਂਦੀ ਹੈ ਤੇ ਅਰਦਾਸ ਦਾ ਅਸਲੀ ਮਨੋਰਥ ਬਿਆਨ ਕੀਤਾ ਜਾਂਦਾ ਹੈ।

(੪) ਚੌਥਾ ਹਿੱਸਾ ਅੰਤਿਕਾ ਹੈ। ਇਸ ਵਿਚ ਬੜੀ ਸੰਖੇਪਤਾ ਦੇ ਨਾਲ ਸਿੱਖ ਧਰਮ ਦੇ ਫ਼ਲਸਫ਼ੇ ਨੂੰ ਇਕ ਤੁਕ ਵਿਚ ਬੰਦ ਕੀਤਾ ਗਿਆ ਹੈ।

ਪਹਿਲੇ ਅਤੇ ਆਖ਼ਰੀ ਹਿੱਸੇ ਵਿਚ ਕੋਈ ਅਦਲਾ-ਬਦਲੀ ਨਹੀਂ ਕੀਤੀ ਜਾ ਸਕਦੀ; ਅਤੇ ਇਹ ਹਿੱਸੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਤੋਂ ਹੁਣ ਤੱਕ ਇਸੇ ਤਰ੍ਹਾਂ ਚਲੇ ਆ ਰਹੇ ਹਨ, ਤੇ ਇਹ ਹਿੱਸੇ ਇੰਨ-ਬਿੰਨ ਅਸਲੀ ਰੂਪ ਵਿਚ ਪੜ੍ਹੇ ਜਾਣੇ ਚਾਹੀਦੇ ਹਨ। ਦੂਜੇ ਤੇ ਤੀਜੇ ਹਿੱਸੇ ਇਤਿਹਾਸ ਦੇ ਨਾਲ-ਨਾਲ ਬਦਲਦੇ ਰਹੇ ਹਨ, ਤੇ ਹੁਣ ਵੀ ਲੋੜ ਅਨੁਸਾਰ ਘਟਾਏ ਜਾਂ ਵਧਾਏ ਜਾ ਸਕਦੇ ਹਨ।

## ਛਾਪੇਖਾਨੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪਣ ਦੇ ਸਬੰਧ ਵਿਚ

# ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਮੋਲਕ ਵਿਚਾਰ

**ਭਾਈ ਹਰਭਜਨ ਸਿੰਘ ਜੀ,**
**ਸ੍ਰੀ ਅਨੰਦਪੁਰ ਸਾਹਿਬ**

ਜਦੋਂ ਛਾਪੇਖਾਨਿਆਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕੰਮ ਸ਼ੁਰੂ ਹੋਣ ਲੱਗਾ ਸੀ ਤਾਂ ਪੰਥ ਵਿਚ ਉਸ ਵਕਤ ਬਥੇਰੀਆਂ ਚੰਗੀਆਂ-ਚੰਗੀਆਂ ਮਹਾਨ ਹਸਤੀਆਂ ਮੌਜੂਦ ਸਨ, ਪਰ ਕਿਸੇ ਸੰਤ-ਮਹਾਂਪੁਰਖ ਨੇ ਇਸ ਨੂੰ ਗ਼ਲਤ ਕਹਿਣ ਦੀ ਆਵਾਜ਼ ਨਾ ਉਠਾਈ ਜਾਂ ਉਨ੍ਹਾਂ ਨੂੰ ਇਹ ਸੁੱਝੀ ਹੀ ਨਾ ਕਿ ਇਹ ਗਲਤ ਕੰਮ ਹੋਣ ਲੱਗਾ ਹੈ। ਸਿਰਫ਼ ਜੇਲ੍ਹ ਵਿਚ ਬੈਠੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਇਹ ਬਹੁਤ ਵੱਡਾ ਗਲਤ ਕਾਰਾ ਹੁੰਦਾ ਭਾਸਿਆ। ਫਿਰ ਉਨ੍ਹਾਂ ਨੇ ਆਪਣੀ 'ਜੋਤਿ ਵਿਗਾਸ' ਪੁਸਤਕ ਵਿਚ ਇਸ ਦੇ ਬਾਰੇ ਚੰਦ ਸਤਰਾਂ ਕਵਿਤਾ ਵਿਚ ਲਿਖੀਆਂ। ਉਸ ਪੁਸਤਕ ਦੀ ਰਚਨਾ ਉਨ੍ਹਾਂ ਨੂੰ ਧੁਰੋਂ ਹੀ ਲਿਖਣ ਬਾਰੇ ਗੁਰੂ ਸਾਹਿਬ ਜੀ ਵਲੋਂ ਪ੍ਰੇਰਨਾ ਹੋਈ ਸੀ ਅਤੇ ਸੱਤ ਦਿਨ ਤੇ ਸੱਤ ਰਾਤਾਂ ਲਗਾਤਾਰ, ਰਾਤ-ਦਿਨ ਵਿਚ ਦਸਵੇਂ ਪਾਤਸ਼ਾਹ ਨੇ ਆਪਣੀ ਕਿਰਪਾ ਕਰਕੇ ਆਪ ਜੀ ਤੋਂ ਸੰਪੂਰਨ ਕਰਵਾਈ ਸੀ। ਉਹ ਸਾਰੀ ਛਾਪੇਖਾਨਿਆਂ ਦੀ ਨਿਖੇਧੀ ਵਾਲੀ ਰਚਨਾ ਕਵਿਤਾ ਵਿਚ ਹੀ ਹੈ, ਜੋ ਕਿ ਅੱਗੇ ਦਰਜ ਹੈ ਜੀ।

**ਰਚਨਾ ਛਡਿ ਦਿੱਤੀ ਲਿਖਤ ਬਾਣੀਆਂ ਦੀ, ਨਵਾਂ ਰਾਹੁ ਫੜਿਆ ਫੈਸ਼ਨੋਲਿਆਂ ਦਾ।**

**ਛਾਪੇ-ਖ਼ਾਨਿਆਂ ਦੀ ਭੈੜੀ ਰੀਤ ਚੱਲੀ, ਭੈੜਾ ਚਾਲੜਾ ਦੰਮ ਖਟੋਲਿਆਂ ਦਾ।**

**ਮਾੜੀ ਨੀਤ ਦੇ ਟਕੇ ਬਟੋਰੂਆਂ ਨੇ, ਉੱਲੂ ਸਿਧ ਕੀਤਾ ਨਿਜ ਹਿਰਸੋਲਿਆਂ ਦਾ।**

**ਹਿਰਸੀ ਮਾਣੂੰਆਂ ਮਾਇਆ ਤ੍ਰਿਸ਼ਨਾਲੂਆ ਨੇ, ਕੀਤਾ ਗਰਮ ਬਾਜ਼ਾਰ ਤ੍ਰਿਸ਼ਨੋਲਿਆਂ ਦਾ।੧੭੭।**

**ਤ੍ਰਿਸ਼ਨਾ-ਚਾਰੀਆਂ ਹਵਸ ਹਿਰਸਾਰੀਆਂ ਨੇ, ਫੜਿਆ ਕਰਮ ਟਕੇ ਬਟੋਰੋਲਿਆਂ ਦਾ।**

**ਟਕੇ-ਵਟੂਆਂ ਨਫ਼ੇ ਨਖੱਟੂਆਂ ਨੇ, ਲਾਹਾ ਛੱਡਿਆ ਸੱਚ ਨਫ਼ੋਲਿਆਂ ਦਾ।**

**ਮਾਇਆ ਰੂਪ ਸੁਦਾਇ ਸਹੇੜ ਲਇਆ, ਖੋਹਿਆ ਲਾਭ ਸੱਚੇ ਸਉਦੜੋਲਿਆਂ ਦਾ।**

**ਗੱਲ ਰਹਿ ਖੜੋਤੀ ਸੱਚੇ ਸੌਦਿਆਂ ਦੀ, ਮਰਜ਼ ਵਧ ਗਇਆ ਲੋਭ ਲਲਚੋਲਿਆਂ ਦਾ।੧੭੮।**

**ਜ਼ਰ ਲਲਚੇੜੂਆਂ ਲੋਭ ਲਬੇੜੂੰਆਂ ਨੂੰ, ਭੈੜਾ ਭੁਸ ਮਾਇਆ ਲੰਪਟੋਲਿਆਂ ਦਾ।**

**ਲੰਪਟਾਰੀਆਂ ਲਿਬੜ ਬਾਜ਼ਾਰੀਆਂ ਨੇ, ਖੋਟਾ ਵਣਜਿਆ ਵਣਜੁ ਕਚੋਲਿਆਂ ਦਾ।**

**ਸੱਚ ਛਡ ਕੇ ਕੱਚ ਵਿਹਾਜ ਲਇਆ, ਮੱਚ ਮਰ ਗਿਆ ਪਰਖ ਪਰਖੋਲਿਆਂ ਦਾ।**

**ਹਥੋਂ ਗਈ ਪੂੰਜੀ ਪਰਮਾਰਥਾਂ ਦੀ, ਵੱਜੇ ਛੁਣਛੁਣਾ ਅਪਸੁਆਰਥੋਲਿਆਂ ਦਾ।੧੭੯।**

**ਹਾਇ ਲਿਖਤ ਮਹੱਤਤਾ ਰੋੜ੍ਹ ਦਿੱਤੀ, ਸਿਦਕ ਤੋੜ ਕੇ ਤੱਤ ਵਣਜੋਲਿਆਂ ਦਾ।**

**ਤੱਤ ਸੱਤ ਸਉਦਾ ਕੋਈ ਵਣਜਦਾ ਨਾ, ਹੋਇਆ ਵਣਜੁ ਪਰਧਾਨੁ ਦਮੜੋਲਿਆਂ ਦਾ।**

**ਸੱਚਾ ਸਿਦਕ ਭਰੋਸੜਾ ਭੁੱਰਰ ਹੋਇਆ, ਛੋਛਾ ਰਹਿ ਗਇਆ ਸਿਰੜ ਛਛੋਲਿਆਂ ਦਾ।**

**ਮਾਇਆ ਮਮਤ ਮੁਥਾਜੀਏ ਸਿਰੜੀਆਂ ਨੇ, ਖੋਹਿਆ ਰਤਨ ਅਮੋਲ ਕੀਮੋਲਿਆਂ ਦਾ।੧੮੦।**

**ਲਿਖਤੀ ਰਤਨ ਪ੍ਰੀਤ ਪ੍ਰਤੀਤ ਉੱਡੀ, ਸਰਧਾ ਭਾਵ ਉੱਡਾ ਗੁਰ ਵਾਕੋਲਿਆਂ ਦਾ।**

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਉੱਡੇ, ਅਦਬ ਉੱਡਿਆ ਇਸ਼ਟ ਇਸ਼ਟੋਲਿਆਂ ਦਾ।**

**ਇਸ਼ਟਾਂ ਇਸ਼ਟ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਹੋਇਆ ਸੌਦੜਾ ਦੰਮ ਬਿਕੌਲਿਆਂ ਦਾ।**

**ਭਾਉ ਭਾਵਨੀ ਸੰਦੜੀ ਗੱਲ ਥੱਕੀ, ਜੁੱਗ ਉਲਟਿਆ ਸਿਦਕ-ਵੱਟੋਲਿਆਂ ਦਾ।੧੮੧।**

**ਕੁਫ਼ਰ-ਗਰਦੀਆਂ ਦਾ ਜੁਗ ਛਿੜਨ ਲੱਗਾ, ਫਿਰਿਆ ਮਗਜ਼ ਸਿੱਖਾਂ ਸਰਧੜੋਲਿਆਂ ਦਾ।**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋੜੀ, ਘੋਰ ਅਪਰਾਧ ਕੀਤਾ ਬੇਅਦਬੋਲਿਆਂ ਦਾ।**

**ਬੀੜ ਤੋੜਿ ਬਾਣੀ ਅਦਲ ਬਦਲ ਕੀਤੀ, ਘੋਰ ਅਨ੍ਹੇਰੁ ਜੁਗੁ ਨ੍ਹੇਰ-ਗਰਦੋਲਿਆਂ ਦਾ।**

**ਸ੍ਰੀ ਗੁਰੂ ਬੀੜ ਵਿਚੋਂ ਬਾਣੀ ਕੱਢਣੇ ਦਾ, ਹੀਆ ਪਇਆ ਕਿਵੇਂ ਮਨਮੁਖੋਲਿਆਂ ਦਾ।੧੮੨।**

ਪੰਥਕ ਕਮੇਟੀ ਦੇ ਆਗੂਆਂ ਨੇ ਮਾਇਆ ਦੇ ਲਾਲਚ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਇਨ੍ਹਾਂ ਅਮੋਲਕ ਬਚਨਾਂ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਆਪਣੀ ਮਲੇਛ ਹੋਈ ਬੁੱਧੀ ਕਰਕੇ ਇਸ ਮਹਾਂ ਪਾਪ ਦੇ ਕਰਨ ਦਾ ਕੋਈ ਡਰ ਨਾ ਮੰਨਿਆ, ਓਸੇ ਨੀਚ ਚਾਲੇ ਅੱਜ ਤੱਕ ਚੱਲੀ ਜਾ ਰਹੇ ਹਨ, ਜਿਸ ਦਾ ਨਤੀਜਾ ਹੁਣ ਬਾਣੀ ਦੀ ਬੇਅਦਬੀ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ, ਪਰ ਗੱਲ ਅੱਜ ਤੱਕ ਕਿਸੇ ਪੰਥਕ ਲੀਡਰ ਜਾਂ ਸੰਪ੍ਰਦਾਈ ਡੇਰਿਆਂ ਦੇ ਸੰਤ ਜਾਂ ਕਿਸੇ ਬੁੱਧੀਜੀਵੀ ਦੇ ਦਿਮਾਗ਼ ਵਿਚ ਨਹੀਂ ਆਈ ਸੀ ਕਿ ਇਹ ਛਾਪੇਖਾਨਿਆਂ ਨਾਲ ਬਾਣੀ ਛਾਪਣ ਦਾ ਨਤੀਜਾ ਇਕ ਦਿਨ ਮਾੜਾ ਨਿਕਲੇਗਾ। ਚਾਹੀਦਾ ਤਾਂ ਇਹ ਸੀ ਕਿ ਹੁਣ ਹੀ ਇਹ ਬੇਅਦਬੀ ਦਾ ਕਾਰਨ ਬਣੇ ਛਾਪੇਖਾਨਿਆਂ ਵਿਚ ਮਹਾਰਾਜ ਦੇ ਸਰੂਪ ਛਾਪਣੇ ਬੰਦ ਕਰਕੇ ਇਸ ਬਹੁਤ ਵੱਡੀ ਗਲਤੀ ਦੇ ਬਖ਼ਸ਼ਾਉਣ ਲਈ ਅਖੰਡ ਪਾਠ ਸਾਹਿਬ ਕਰਕੇ ਗੁਰੂ ਮਹਾਰਾਜ ਜੀ ਪਾਸੋਂ ਇਸ ਵੱਡੇ ਪਾਪ ਦੀ ਮੁਆਫ਼ੀ ਮੰਗਦੇ ਅਤੇ ਚੰਗੇ ਗੁਰਮੁਖ ਪਿਆਰੇ ਗੁਰਸਿਖ ਜੋ ਸਰੂਪ ਹੱਥ ਨਾਲ ਲਿਖਣ ਵਾਲਾ ਗੁਣ ਰੱਖਦੇ ਹਨ, ਉਨ੍ਹਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਇਸ ਸੇਵਾ ਦਾ ਮਹਾਤਮ ਪ੍ਰਾਪਤ ਕਰਨ ਦਾ ਮੌਕਾ ਬਖ਼ਸ਼ਦੇ, ਇਹ ਪੁੰਨ ਖੱਟ ਕੇ ਆਪਣਾ ਵੀ ਜਨਮ ਸਫ਼ਲਾ ਕਰਦੇ, ਪਰ ਜਦ ਹਿਰਦੇ ਅੰਦਰ ਮਹਾਂ ਮਲੇਛਤਾ ਛਾ ਗਈ ਹੋਵੇ ਤਾਂ ਨੇਕ ਕਰਮ ਕਰਨਾ ਸੁੱਝਦਾ ਹੀ ਨਹੀਂ, ਇਹ ਹੁਣ ਉਦੋਂ ਹੀ ਸੁੱਝੇਗਾ ਜਦੋਂ ਮਲੇਛ ਦੀ ਸਭਾ ਹੀ ਉਠ ਜਾਏਗੀ ਅਤੇ ਭਵਿੱਖਤ ਬਚਨ ਜੋ ਲਿਖੇ ਮਿਲਦੇ ਹਨ, ਪੂਰੇ ਹੋਣਗੇ,

**ਮਲੇਛ ਖਾਲਸਾ ਹੋਸੀ ਨਾਸ, ਸੰਤ ਖਾਲਸਾ ਹੋਸੀ ਪ੍ਰਕਾਸ਼॥ ਉਠ ਗਈ ਸਭਾ ਮਲੇਛ ਕੀ ਘਰ ਕੂੜਾ ਪਾਸਾਰ॥ ਡੰਕਾ ਬਾਜੇ ਫਤਹਿ ਕਾ ਨਿਹਕਲੰਕ ਅਵਤਾਰ॥ ਨਿਹਕਲੰਕ ਬਜੀ ਡੰਕ ਚੜ੍ਹ ਦਲ ਰਵਿੰਦ ਜੀਉ॥**

ਇਹ ਵਾਕ ਸਭ ਪੂਰੇ ਹੋਣ ਦਾ ਸਮਾਂ ਨੇੜੇ ਹੀ ਆਉਣ ਵਾਲਾ ਗੁਰਮੁਖ ਦੱਸਦੇ ਹਨ। ਹੱਥ ਲਿਖਤ ਬੀੜਾਂ ਬੜੇ ਸਤਿਕਾਰ ਨਾਲ ਗੁਰਮੁਖ ਗੁਰਸਿੱਖ ਲਿਖਦੇ ਸਨ, ਜਿਸ ਦਾ ਕਿ ਬਹੁਤ ਵੱਡਾ ਮਹਾਤਮ ਬਾਣੀ ਵਿਚ ਲਿਖਿਆ ਹੋਇਆ ਹੈ। ਜੇਕਰ ਛਾਪੇਖਾਨਿਆਂ ਨਾਲ ਸਰੂਪ ਨਾ ਛਾਪਦੇ ਤਾਂ ਬੜੀ ਹੀ ਤਰਲਿਆਂ ਨਾਲ ਸਰੂਪ ਪ੍ਰਾਪਤ ਹੁੰਦੇ, ਅਤੇ ਹੁੰਦੇ ਵੀ ਉਨ੍ਹਾਂ ਨੂੰ ਜੋ ਗੁਰੂ ਜੀ ਦੇ ਅਨਿੰਨ ਸਿੱਖ ਹੀ ਸਨ, ਜਣਾ ਖਣਾ ਜਿਥੇ ਮਰਜ਼ੀ ਸਰੂਪ ਮਾਇਆ ਨਾਲ ਖਰੀਦ ਹੀ ਨਾ ਸਕਦਾ ਅਤੇ ਮੁਫ਼ਤ ਹੀ ਮਹਾਰਾਜ ਜੀ ਦੇ ਸਰੂਪ ਜੋ ਲੜੀਵਾਰ ਹੁੰਦੇ ਤੇ ਹੱਥ ਲਿਖਤ ਹੁੰਦੇ ਅਤੇ ਉਹ ਬੜੇ ਤਰਲਿਆਂ ਨਾਲ ਪ੍ਰਾਪਤ ਹੁੰਦੇ ਅਤੇ ਪੂਰਨ ਕਲਾ ਵਰਤਦੀ ਅਤੇ ਪੰਥ ਵਿਚ ਵੀ ਚੜ੍ਹਦੀ ਕਲਾ ਹੀ ਰਹਿੰਦੀ, ਇਹ ਹੁਣ ਵਾਲੀ ਮਲੇਛਤਾਈ ਨੇੜੇ ਵੀ ਨਾ ਢੁਕਦੀ। ਬਾਣੀ ਦੇ ਬੰਦ ਨਿਖੇੜ ਕੇ ਪਦ-ਛੇਦ ਕਰਨ ਨਾਲ ਸਾਰਾ ਪੰਥ ਛੇਦ-ਛੇਦ ਹੋ ਗਿਆ ਹੈ। ਅੱਡੋ-ਅੱਡ ਆਪਣੀ ਆਪਣੀ ਮਨਮਤਿ ਦੇ ਟੋਲੇ ਬਣ ਗਏ ਹਨ, ਇਹ ਸਾਡੀ ਕੌਮ ਦੇ ਮੁਹਾਣਿਆਂ ਨੇ ਹੀ ਸਾਰੀ ਕੌਮ ਦਾ ਭੱਠਾ ਬਿਠਾ ਦਿੱਤਾ ਹੈ। ਗੁਰੂ ਮਹਾਰਾਜ ਜੀ ਦੇ ਸਰੂਪ ਛਾਪ-ਛਾਪ ਕੇ ਬੜੇ ਬੇਅਦਬ ਤਰੀਕੇ ਨਾਲ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚਾ ਦਿੱਤੇ ਹਨ ਤੇ ਕਈਆਂ ਮਾਇਆਧਾਰੀਆਂ ਨੇ ਬੇਗਿਣਤ ਸਰੂਪ ਖਰੀਦ ਕੇ ਸਟੋਰ ਕਰ ਲਏ ਹਨ। ਉਨ੍ਹਾਂ ਸਟੋਰਾਂ ਵਿਚ ਸਲ੍ਹਾਬ ਆਉਣ ਕਾਰਨ ਬਹੁਤ ਸਾਰੇ ਸਰੂਪ ਵਿਚੋਂ ਗਲ ਗਏ ਹਨ। ਇਨੀ ਵੱਡੀ ਬੇਅਦਬੀ ਛਾਪੇਖਾਨਿਆਂ ਕਾਰਨ ਹੀ ਮਹਾਰਾਜ ਜੀ ਦੇ ਸਰੂਪਾਂ ਦੀ ਹੋਈ ਹੈ, ਪਰ ਸਾਡੇ ਛਾਪੇਖਾਨਿਆਂ ਦੇ ਪ੍ਰਬੰਧਕ ਕਮੇਟੀ ਵਾਲਿਆਂ ਨੂੰ ਅਜੇ ਵੀ ਇਸ ਬੇਅਦਬੀ ਦਾ ਖ਼ੌਫ਼ ਨਹੀਂ ਉਪਜਿਆ। ਜੇ ਅਜੇ ਵੀ ਇਸ ਮਾੜੀ ਕਰਤੂਤ ਤੋਂ ਬਾਜ ਆ ਜਾਣ ਤਾਂ ਗੁਰੂ ਮਹਾਰਾਜ ਸਦਾ ਬਖ਼ਸ਼ਣਹਾਰ ਹਨ ਜੀ।

# ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ





ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰਬਾਣੀ ਦੇ ਤੱਤ-ਭਾਵ-ਆਸ਼ੇ ਦੀ ਵਾਸਤਵੀ ਬਿਵਸਥਾ ਨੂੰ ਨਾ ਵੀਚਾਰਨ ਦਾ ਡੂੰਘਾ ਖੋਜ ਬੋਧ ਨਾ ਹੋਣ ਕਰਕੇ ਕਈ ਸੱਜਣਾਂ ਨੂੰ ਗੁਰਮਤਿ ਦੇ ਤੱਤ ਅਸੂਲਾਂ ਅੰਦਰ ਹੀ ਵਿਰੋਧ ਭਾਸਣ ਲੱਗ ਪੈਂਦਾ ਹੈ। ਵਾਸਤਵ ਵਿਚ ਇਹ ਵਿਰੋਧ ਉਨ੍ਹਾਂ ਦੀ ਨਿੱਜ ਵਿਚਾਰ ਬੋਧ ਅੰਦਰ ਹੀ ਹੁੰਦਾ ਹੈ। ਗੁਰਮਤਿ ਦੇ ਅਸੂਲਾਂ ਅੰਦਰ ਰਾਈ ਮਾਤਰ ਭੀ ਵਿਰੋਧ ਨਹੀਂ। ਅਨੇਕ ਵਾਰ ਇਹ ਸ਼ੰਕਾ (ਪ੍ਰਸ਼ਨ) ਅਸਾਡੇ ਸ੍ਰਵਣੀਂ ਪਿਆ ਹੈ ਕਿ ਗੁਰਬਾਣੀ ਅੰਦਰ ਅਨੇਕਾਂ ਵਾਕ ਐਸੇ ਆਉਂਦੇ ਹਨ ਜਿਨ੍ਹਾਂ ਤੋਂ 'ਗੁਰੂ' ਅਤੇ 'ਅਕਾਲ ਪੁਰਖ' ਦੀ ਏਕਤਾ ਤੇ ਅਭੇਦਤਾ ਤਾਂ ਸਿੱਧ ਹੁੰਦੀ ਹੈ, ਅਰਥਾਤ ਗੁਰੂ ਨੂੰ ਗੋਬਿੰਦ (ਅਕਾਲ ਪੁਰਖ) ਰੂਪ ਕਰਕੇ ਵਰਣਿਆ ਗਿਆ ਹੈ, ਪਰੰਤੂ ਸ੍ਰੀ ਦਸਮੇਸ਼ ਗੁਰੂ ਸਾਹਿਬ ਆਪਣੇ ਆਪ ਨੂੰ ਪਰਮੇਸ਼ਰ ਰੂਪ ਮੰਨਣੋਂ ਮਨਾਹੀ ਕਰਦੇ ਹਨ ਅਤੇ ਗੁਰਸਿੱਖਾਂ ਨੂੰ ਐਸਾ ਮੰਨਣੋਂ ਵਰਜਦੇ ਹੋਏ ਇਸ ਪ੍ਰਕਾਰ ਦੀ ਸਖ਼ਤ ਤਾੜਨਾ ਕਰਦੇ ਹਨ :-

**ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕਿ ਕੁੰਡ ਮਹਿ ਪਰਿਹੈਂ ॥੩੨ ॥**

**(ਬਚਿਤ੍ਰ ਨਾਟਕ, ਅਧਿਆਇ ੬)**

ਤੇ ਸਪੱਸ਼ਟ ਤੌਰ ਨਿਜ ਤਾਈਂ ਗੁਰੂ ਦਸਮੇਸ਼ ਜੀ ਪਰਮ ਪੁਰਖ ਪਰਮੇਸ਼ਰ ਦਾ ਦਾਸ ਜਣਾਉਂਦੇ ਹਨ, ਯਥਾ -

**ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨ ॥**

**ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨਿ ਆਯੋ ਜਗਤ ਤਮਾਸਾ ॥...੩੩**

**(ਬਚਿਤ੍ਰ ਨਾਟਕ, ਅਧਿਆਇ ੬)**

ਤਾਂਤੇ ਇਸ ਪਿਛਲੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਦੇ ਕਥਨ ਅਨੁਸਾਰ ਪਹਿਲੇ ਗੁਰਮਤਿ ਸਿਧਾਂਤ ਦਾ ਖੰਡਨ ਹੋ ਗਿਆ ਅਤੇ ਗੁਰੂ ਦੇ ਅਕਾਲ ਪੁਰਖ ਸਰੂਪ ਹੋਣ ਪ੍ਰਥਾਇ ਗੁਰਵਾਕਾਂ ਅੰਦਰਿ ਵਿਰੋਧ ਹੋ ਗਿਆ।

ਸੋ ਇਸ ਗੱਲ ਨੂੰ ਨਿਖੇੜ ਕੇ ਨਿਰਣਯ ਕਰਦੇ ਹਾਂ ਕਿ ਗੁਰਵਾਕਾਂ ਅੰਦਰਿ ਰੰਚਕ ਭੀ ਵਿਰੋਧ ਨਹੀਂ; ਵਿਰੋਧ ਹੈ ਤਾਂ ਗੁਰ-ਭਾਵ-ਵਿਚਾਰਕ ਅਸਾਡੀ ਬੁੱਧੀ ਅੰਦਰਿ ਹੈ। ਜਾਗਤ ਜੋਤਿ

ਦਾ ਨੂਰ ਪਰਜੁਅਲਤੀ ਬੁੱਕਾ ਹੋਣ ਕਰਿ ਗੁਰੂ ਅਕਾਲ ਪੁਰਖ ਨਾਲ ਐਨ ਅਭੇਦ ਹੈ। ਅਕਾਲ ਪੁਰਖ ਦੇ ਜੋਤਿ-ਜਗਮਗੀ-ਸਰਬ-ਵਿਆਪਕ ਅਤੇ ਲਾ-ਮਹਿਦੂਦ-ਸਰੂਪ ਰੂਪੀ ਜੋਤਿ ਸਰਸ਼ਾਰ ਸਮੁੰਦਰ ਵਿਚੋਂ ਜੋਤਿ-ਪਰਜੁਅਲਤੀ-ਸੋਮਾ ਗੁਰੂ ਦੇ ਜਾਮੇ ਵਿਚ ਉਦੇ ਹੋਇ ਕੇ ਭਵ-ਭੂਮੀ ਵਿਖੇ ਪ੍ਰਗਟ ਹੋਇਆ ਅਤੇ ਗੁਰੂ-ਜੋਤਿ-ਜਾਮੇ ਅੰਦਰ ਪ੍ਰਗਟ ਹੋਇ ਕੇ ਭੀ ਲਾ-ਮੁਹੀਤ ਜੋਤਿ ਸਮੁੰਦਰ ਨਾਲ ਅਭੇਦ ਹੀ ਰਿਹਾ। ਅਥਾਹ ਜੋਤਿ-ਸਮੁੰਦਰ-ਸੋਮੇ ਤੇ ਨਿਕਸੀ ਜੋਤਿ-ਹੰਸਲੀ ਗੁਰ-ਜੋਤਿ ਜਾਮੇ ਰੂਪੀ ਤਾਲ-ਸਰੋਵਰ ਵਿਚ ਪੈ ਕੇ ਭੀ ਆਪਣੇ ਮੰਬਏ ਨਾਲ ਮਿਲੀ ਹੋਈ ਹੈ। ਮਾਨੋ ਗੁਰੂ ਜਾਮੇ ਰੂਪੀ ਮੁਹੀਤ ਜੋਤਿ, ਤਾਲ-ਸਰੋਵਰ ਅੰਦਰ ਲਾ-ਮੁਹੀਤ ਜੋਤਿ-ਸਮੁੰਦਰ, ਸੋਮੇ ਤੇ ਨਿਕਸੀ ਜੋਤਿ-ਹੰਸਲੀ ਦੁਆਰਾ ਠਾਠਾਂ ਮਾਰ ਕੇ ਆ ਵੜਿਆ ਤਾਂ ਦਸੋ ਭਿੰਨ-ਭੇਦ ਕੀ ਰਿਹਾ। ਇਸ ਬਿਧਿ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਹੈ ਅਤੇ ਅਕਾਲ ਪੁਰਖ ਦਾ ਸਰੂਪ ਹੀ ਹੈ।

ਨਿਰੰਕਾਰੀ ਜੋਤਿ ਕਰਕੇ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਅਤੇ ਇਕ ਰੂਪ ਹੈ, ਪਰੰਤੂ ਸਾਕਾਰੀ ਗੁਰੂ ਦਾ ਜਾਮਾ, ਜਿਸ ਅੰਦਰ ਕਿ ਇਹ ਜੋਤਿ, ਗੁਰੂ ਜੋਤਿ ਮਹਿਦੂਦ ਹੈ, ਨਿਰੰਕਾਰ ਅਕਾਲ ਪੁਰਖ ਤੋਂ ਭਿੰਨ ਹੈ। ਨਿਰੰਕਾਰ ਆਕਾਰ ਅੰਦਰ ਆ ਕੇ ਹੀ ਸੰਸਾਰ ਵਿਖੇ ਪ੍ਰਗਟ ਹੁੰਦੇ ਰਹੇ। ਭਰਮ-ਭੁਲੇ ਲੋਗ ਇਸ ਆਕਾਰ ਨੂੰ ਹੀ ਨਿਰੰਕਾਰ ਕਰਕੇ ਪੂਜਣ ਲੱਗ ਪਏ।

ਪਹਿਲੇ ਜੁਗਾਂ ਅੰਦਰਿ ਅਕਾਲ ਪੁਰਖ ਆਪਣੀ ਕਲਾ ਵਰਤਾਉਣ ਲਈ ਯਾ ਭਗਤ ਜਨਾਂ ਦੀਨਾਂ ਅਨਾਥਾਂ ਦੀ ਰੱਖਿਆ ਲਈ ਆਕਾਰ ਜਾਮਾ ਔਤਾਰਦੇ ਰਹੇ ਪਰ ਤਿਨ੍ਹਾਂ ਅਵਤਰੇ ਅਵਤਾਰਾਂ ਨੇ ਅਕਾਲ ਪੁਰਖ ਦਾ ਨਾਮ ਨਹੀਂ ਜਪਾਇਆ, ਜਿਸ ਦੀ ਕਿ ਜੋਤਿ-ਕਲਾ ਵਰਤਣ ਕਰਿ ਦੁਸ਼ਟਾਂ ਦਾ ਦਮਨ ਹੋਇਆ ਅਤੇ ਦੀਨ ਅਨਾਥ ਭਗਤਾਂ ਦੀ ਰੱਖਿਆ ਹੋਈ ਪਰ ਉਲਟਾ ਆਪਣਾ ਨਾਮ ਹੀ ਤਿਨ੍ਹਾਂ ਨੇ ਲੋਗਾਂ ਪਾਸੋਂ ਜਪਾਇਆ ਅਤੇ ਭਰਮ-ਭੁੱਲੇ ਲੋਕਾਂ ਨੇ ਭੀ ਤਿਨ੍ਹਾਂ ਅਵਤਾਰਾਂ ਨੂੰ ਹੀ ਅਕਾਲ ਪੁਰਖ ਕਰਕੇ ਮੰਨ ਲਿਆ ਅਤੇ ਓਹਨਾਂ ਦੇ ਭਾ ਦਾ ਇਸ ਅਵਤਾਰ-ਆਕਾਰੀ ਸਰੂਪ ਤੋਂ ਭਿੰਨ, ਅਕਾਲ ਪੁਰਖ ਦਾ ਹੋਰ ਨਿਰੰਕਾਰੀ ਰੂਪ ਹੀ ਨਾ ਕੁਛ ਰਿਹਾ।

ਏਸੇ ਇੱਲਤ ਤੋਂ ਲੋਕਾਂ ਨੂੰ ਬਚਾਉਣ ਲਈ ਸ੍ਰੀ ਦਸਮੇਸ਼ ਜੀ ਨੇ ਤਾੜਨਾ ਸਹਿਤ ਉਪਰਲੇ ਬਚਨ ਉਚਾਰੇ, ਮਤੇ ਲੋਗ ਅੱਗੇ ਵਾਂਗੂੰ ਇਸ ਸਰੀਰ ਆਕਾਰ ਨੂੰ ਹੀ ਰੱਬ ਮੰਨਣ ਦੇ ਕੁਫ਼ਰ ਵਿਚ ਪੈ ਜਾਣ। ਗੁਰੂ ਜਾਮੇ ਵਾਲੇ ਸਰੀਰ ਆਕਾਰ ਨੂੰ, ਜੋ ਕਿ ਕਾਲ ਚੱਕਰ ਅੰਦਰ ਓੜਕ ਬਿਨਾਸਮਾਨ ਹੈ, ਏਸ ਨੂੰ ਹੀ ਪਰਮੇਸ਼ਰ ਕਰਕੇ ਜਾਣ ਬੈਠਣਾ ਨਾ ਸਿਰਫ਼ ਕੁਫ਼ਰ ਹੈ ਬਲਕਿ ਨਰਕ ਕੁੰਡ ਵਿਚ ਪੈਣ ਦਾ ਕੁਦਾਉ ਕੁਢੰਗ ਹੈ।

ਸ੍ਰੀ ਦਸਮੇਸ਼ ਜੀ ਨੇ ਪਹਿਲਾਂ ਆਪਣੇ ਆਪ ਤਾਈਂ ਪਰਮੇਸ਼ਰ ਮੰਨੇ ਜਾਣ ਦੀ ਮਨੌਤੀ 'ਤੇ ਲੋਕਾਂ ਨੂੰ ਵੰਗਾਰ ਕੇ ਵਰਜਿਆ ਅਤੇ ਫੇਰ ਅਵਤਾਰਾਂ ਪ੍ਰਤੀ ਭੀ ਇਹੋ ਕੁਛ ਉਚਾਰਿਆ ਕਿ ਉਹ ਸਭ ਕਾਲ ਚੱਕਰ ਅੰਦਰ ਹਨ। ਬਿਨਾਸਮਾਨ ਸਰੀਰ ਆਕਾਰ ਨੂੰ ਅਬਿਨਾਸ਼ੀ ਪੁਰਖ ਕਰਕੇ ਮੰਨਣਾ ਮਹਾਂ ਮਨਮਤਿ ਹੈ। ਅਵਤਾਰਾਂ ਨੂੰ ਪਰਮੇਸ਼ਰ ਮੰਨਣ ਵਾਲੀ ਬੀਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਸ੍ਰੀ ਕਲਗ਼ੀਧਰ ਜੀ ਮਹਾਰਾਜ ਨੇ ਬੜੇ ਜ਼ੋਰ ਨਾਲ ਇਸ ਪ੍ਰਕਾਰ ਦਾ ਉਪਦੇਸ਼ ਦ੍ਰਿੜ੍ਹਾਇਆ :-

**ਜਿਤੇ ਰਾਮ ਹੂਏ ॥ ਸਭੈ ਅੰਤਿ ਮੂਏ ॥**
**ਜਿਤੇ ਕ੍ਰਿਸਨ ਹ੍ਵੈ ਹੈਂ ॥ ਸਭੈ ਅੰਤਿ ਜੈ ਹੈਂ ॥੭੦ ॥**
**ਜਿਤੇ ਦੇਵ ਹੋਸੀ ॥ ਸਭੇ ਅੰਤ ਜਾਸੀ ॥**
**ਜਿਤੇ ਬੋਧ ਹ੍ਵੈ ਹੈਂ ॥ ਸਭੈ ਅੰਤਿ ਛੈਹੈਂ ॥੭੧ ॥**
**ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥**
**ਜਿਤੇ ਦਈਤ ਏਸੰ ॥ ਤਿਤਿਓ ਕਾਲ ਲੇਸੰ ॥੭੨ ॥**
**ਨਰਸਿੰਘਾਵਤਾਰੰ ॥ ਵਹੈ ਕਾਲ ਮਾਰੰ ॥**
**ਬਡੋ ਡੰਡ ਧਾਰੀ ॥ ਹਣਿਓ ਕਾਲ ਭਾਰੀ ॥੭੩ ॥**
**ਦਿਜੰ ਬਾਵਨੇਯੰ ॥ ਹਣਿਓ ਕਾਲ ਤੇਯੰ ॥**
**ਮਹਾ ਮੱਛ ਮੁੰਡੰ ॥ ਫਧਿਓ ਕਾਲ ਝੁੰਡੰ ॥੭੪ ॥**
**ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥**
**ਜਿਤੇ ਸਰਨ ਜੈਹੈਂ ॥ ਤਿਤਿਓ ਰਾਖ ਲੈਹੈਂ ॥੭੫ ॥**
**(ਬਚਿਤ੍ਰ ਨਾਟਕ, ਅਧਿਆਇ :੧)**

**ਤਥਾ ਸਵੈਯਾ :-**
**ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥**
**ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥**
**ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥**
**ਔਰ ਸੁਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥੮੪ ॥**
**(ਬਚਿਤ੍ਰ ਨਾਟਕ, ਅਧਿਆਇ ੧)**

ਬਿਨਾਸਮਾਨ ਸਰੀਰ ਰੂਪੀ ਅਕਾਰ ਜਾਮੇ ਅੰਦਰ ਅਵਤਰੀ ਪਰਮਾਤਮ ਜੋਤਿ ਕਲਾ ਨੇ ਕਲਾ-ਕ੍ਰਿਸ਼ਮੀ-ਕਉਤਕ ਵਰਤਾਏ। ਇਹ ਸਭ ਅਕਾਲ ਪੁਰਖ ਦੀ ਅਗਾਧ ਸ਼ਕਤੀ ਦੇ ਚਮਤਕਾਰ ਹਨ ਪਰੰਤੂ ਆਮ ਸੰਸਾਰੀਆਂ ਪ੍ਰਤੀ ਇਹ ਸਾਕਾਰੀ ਅਵਤਾਰ-ਜਾਮਿਆਂ ਦੇ ਹੀ ਕਾਰਨਾਮੇ ਪ੍ਰਤੀਤ ਹੁੰਦੇ ਸਨ, ਇਸ ਕਰਕੇ ਉਹ ਅਵਤਾਰਾਂ ਦੀ ਪੂਜਾ ਪ੍ਰਤਿਸ਼ਟਾ ਵਿਚ ਪ੍ਰਵਿਰਤ ਹੋ ਗਏ।

ਇਸ ਵਿਚ ਸੰਦੇਹ ਨਹੀਂ ਕਿ ਅਵਤਾਰਾਂ ਦੇ ਜੋਤਿ-ਕ੍ਰਿਸ਼ਮੀ-ਆਕਾਰ-ਜਾਮੇ ਭੀ ਨਿਰੰਕਾਰੀ ਜੋਤਿ ਪ੍ਰਤਿਬਿੰਬਿਤ ਹੋਣ ਕਰਿ, ਪਾਕ ਪੁਨੀਤ ਅਤੇ ਪ੍ਰਤਿਸ਼ਟਾ ਯੋਗ ਸਨ, ਪਰੰਤੂ ਓਹਨਾਂ ਨੂੰ ਨਿਰੰਕਾਰ ਦੀ ਅਕਾਲ ਮੂਰਤੀ ਸਮਝ ਕੇ ਪੂਜਣਾ ਮਹਾਂ ਅਗਿਆਨ ਸੀ, ਜੋ ਸੰਸਾਰੀ ਜੀਵਾਂ ਨੂੰ ਕਲਿਆਣ-ਕਾਰੀ ਮਾਰਗ ਤੋਂ ਕੁਮਾਰਗ ਪਾਉਣ ਵਾਲਾ ਸੀ। ਤਿਨ੍ਹਾਂ ਕੁਮਾਰਗੀ ਅਗਿਆਨ ਗ੍ਰਠੇ ਜੰਤਾਂ ਲਈ ਜਨਮ ਮਰਨ ਤੋਂ ਰਹਿਤ ਕਰਾਉਣ ਦੀ ਹੋਂਦ-ਹਸਤੀ ਦਾ ਅਨੁਮਾਨ ਹੀ ਰਹਿ ਖੜੋਤਾ ਸੀ। ਉਹਨਾਂ ਦੇ ਅਨੁਮਾਨ ਵਿਚ ਅਵਤਾਰ-ਜਾਮਿਆਂ ਦੇ ਸਰੀਰ ਆਕਾਰ ਜਦੋਂ ਬਿਨਾਸਮਾਨ ਹੋ ਜਾਂਦੇ ਸਨ ਤਾਂ ਨਿਰੰਕਾਰ; ਦੀ ਹਸਤੀ ਅਲੋਪ ਹੋ ਜਾਂਦੀ ਸੀ, ਅੰਧਕਾਰ ਛਾ ਜਾਂਦੀ ਸੀ। ਜਦੋਂ ਅਵਤਾਰ-ਜਾਮਾ ਜਨਮ ਲੈਂਦਾ ਸੀ ਤਾਂ ਉਹ ਇਸ ਜਾਮੇ ਰੂਪੀ ਅਕਾਰ ਅੰਦਰ ਹੀ ਨਿਰੰਕਾਰ ਅਕਾਲ ਪੁਰਖ ਦੀ ਹਸਤੀ ਨੂੰ ਮਹਿਦੂਦ ਸਮਝ ਲੈਂਦੇ ਸਨ। ਮਾਨੋ ਉਨ੍ਹਾਂ ਦੇ ਭਾ ਦਾ ਸਾਰਾ ਬ੍ਰਹਿਮੰਡ ਅਕਾਲ ਪੁਰਖ ਦੀ ਸੱਤਾ-ਸਰਬ-ਵਿਆਪਕਤਾ ਤੋਂ ਖ਼ਾਲੀ ਹੋ ਜਾਂਦਾ ਸੀ ਅਤੇ ਬਣਿਆ ਬਣਾਤਾ ਸਮੁੱਚਾ ਪਰੀਪੂਰਨ ਪਰਮੇਸ਼ਰ ਏਸੇ ਅਕਾਰ-ਜਾਮੇ ਅੰਦਰ ਆਣ ਵਰਤਦਾ ਸੀ। ਹੋਰ ਸਾਰੇ ਬ੍ਰਹਿਮੰਡ ਖੰਡ ਪਰਮੇਸ਼ਰ ਖੁਣੋਂ ਖ਼ਾਲੀ ਅਤੇ ਪਰਮਾਤਮਾ ਦੀ ਸੱਤਾ ਤੋਂ ਸੁਨ ਰਹਿ ਜਾਂਦੇ ਸੀ। ਪਰਮਾਤਮਾ ਦੀ ਜੋਤਿ-ਜਲਵ-ਸੱਤਾ ਉਨ੍ਹਾਂ ਦੇ ਭਾ ਦੀ ਸਮੁੱਚੀ ਹੀ ਇਸ ਜਾਮੇ ਅੰਦਰ ਆਣ ਹਲੂਲ ਕਰਦੀ ਸੀ। ਇਹ ਕਿਤਨਾ ਭਾਰੀ ਅਗਿਆਨ ਸੀ।

ਇਸ ਅਗਿਆਨ ਭਰਮ ਗੜ੍ਹ ਨੂੰ ਅਸਾਡੇ ਸਤਿਗੁਰੂ ਸਾਹਿਬਾਨ ਨੇ ਹੀ ਤੋੜਿਆ ਅਤੇ ਅਸਾਨੂੰ ਗੁਰਸਿਖਾਂ ਨੂੰ ਸੱਚਾ ਗਿਆਨ ਪ੍ਰਦਾਨ ਕੀਤਾ ਕਿ ਜੋਤੀ ਸਰੂਪ ਸਰਬ ਸ਼ਕਤੀਮਾਨ ਸਰਬ-ਵਿਆਪਕ ਅਕਾਲ ਪੁਰਖ ਦੀ ਜੋਤਿ ਗੁਰੂ-ਜਾਮੇ ਅੰਦਰ ਆਪਣੀ ਪੂਰਨ ਜਲਵ-ਜੋਤੀਸ਼-ਕਲਾ ਅੰਦਰ ਜਲਵਾਗਰ ਹੁੰਦੀ ਹੋਈ ਭੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਬਿਰਾਜਮਾਨ ਅਤੇ ਪਰੀਪੂਰਨ ਰਹਿੰਦੀ ਹੈ। ਆਨ ਅਵਤਾਰ-ਜਾਮਿਆਂ ਅੰਦਰ ਭੀ ਜਦੋਂ ਜਲਵਾ-ਅਫ਼ਰੋਜ਼ (ਸੁਭਾਇਮਾਨ) ਹੋਈ ਤਾਂ ਕੇਵਲ ਓਥੇ ਓਹਨਾਂ ਜਾਮਿਆਂ ਅੰਦਰ ਹੀ ਮਹਿਦੂਦ ਅਤੇ ਮੁਕੀਯਦ (ਸੀਮਤ) ਨਹੀਂ ਰਹੀ ਅਤੇ ਤਿਨ੍ਹਾਂ ਅਵਤਾਰ-ਜਾਮਿਆਂ ਦੇ ਬਿਨਾਸ ਹੋਣ ਨਾਲ ਬਿਨਾਸ ਨਹੀਂ ਹੁੰਦੀ ਰਹੀ, ਸਗੋਂ ਏਹਨਾਂ ਅਵਤਾਰ-ਜਾਮਿਆਂ ਦੁਆਰਾ ਲੋੜ ਅਤੇ ਸਮੇਂ ਅਨੁਸਾਰ ਆਪਣੀ ਕਲਾ ਵਰਤਾ ਕੇ ਭਗਤ ਜਨਾਂ ਦੀ ਰਖਿਆ ਦਾ ਬਾਨ੍ਹਣੂ ਬੰਨ੍ਹਦੀ ਰਹੀ ਅਤੇ ਦੁਸ਼ਟਾਂ ਦਾ ਦਮਨ ਕਰਦੀ ਰਹੀ, ਜੈਸਾ ਕਿ-

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**(ਆਸਾ ਮ. ੪, ਅੰਗ : ੪੫੧)**

**ਵਾਲੇ ਗੁਰਵਾਕ ਦੇ ਉਦਾਹਰਣੀ ਪ੍ਰਮਾਣ ਤੋਂ ਸਪੱਸ਼ਟ ਹੈ।**

# ਅਬ ਮੋਹਿ ਖੂਬ ਵਤਨਗਹ ਪਾਈ

ਗੁਰਮੇਲ ਸਿੰਘ ਗਿਆਸਪੁਰਾ

ਭਗਤ ਰਵਿਦਾਸ ਜੀ ਨੇ ਫ਼ਰਮਾਇਆ ਕਿ ਸਾਡੇ ਕਲਪੇ ਵਤਨਗਾਹ ਵਿਚ ਕਿਸੇ ਨੂੰ ਕੋਈ ਦੁੱਖ ਅਤੇ ਚਿੰਤਾ ਨਹੀਂ ਹੋਵੇਗੀ ਨਾ ਹੀ ਕਿਸੇ ਨੂੰ ਕੋਈ ਟੈਕਸ ਆਦਿ ਦੇਣ ਦੀ ਘਬਰਾਹਟ ਹੋਵੇਗੀ। ਕਿਸੇ ਨੂੰ ਕੋਈ ਘਾਟਾ ਪੈਣ ਦਾ ਡਰ ਨਹੀਂ ਹੋਵੇਗਾ। ਇਹ ਸੋਹਣੇ ਵਤਨਗਾਹ ਦੀ ਪ੍ਰਸਤਾਵਨਾ ਹੈ। ਇਸ ਤਰ੍ਹਾਂ ਦੇ ਦੇਸ਼ ਦੀ ਸਰਕਾਰ ਵੀ ਪੱਕੀ ਹੋਵੇਗੀ। ਓਥੇ ਕੋਈ ਉੱਚਾ ਨੀਵਾਂ ਨਹੀਂ ਹੋਵੇਗਾ। ਸਭ ਨੂੰ ਬਰਾਬਰਤਾ ਦਾ ਅਧਿਕਾਰ ਹੋਵੇਗਾ। ਬੇ.ਗ਼ਮਪੁਰਾ ਵਤਨਗਾਹ ਵਿਚ ਵੱਸਣ ਵਾਲਿਆਂ ਦੀ ਆਮਦਨੀ ਤਸੱਲੀਬਖ਼ਸ਼ ਹੋਵੇਗੀ ਅਤੇ ਆਬਾਦੀ ਵੀ ਰੱਜਿਆਂ-ਪੁੱਜਿਆਂ ਦੀ ਹੋਵੇਗੀ। ਬੇ.ਗ਼ਮਪੁਰੇ ਵਿਚ ਘੁੰਮਣ-ਫ਼ਿਰਨ ਦੀ ਪੂਰਨ ਆਜ਼ਾਦੀ ਹੋਵੇਗੀ। ਵੀਜ਼ੇ ਆਦਿ ਦੀ ਕੋਈ ਲੋੜ ਨਹੀਂ ਹੋਵੇਗੀ। ਕੋਈ ਕਿਸੇ ਨੂੰ ਰੋਕਣ ਟੋਕਣ ਵਾਲਾ ਨਹੀਂ ਹੋਵੇਗਾ। ਸ਼ਬਦ ਦੇ ਅਖ਼ੀਰ ਵਿਚ ਆਪ ਨੇ ਫ਼ਰਮਾਇਆ, ਬੇ.ਗ਼ਮਪੁਰੇ ਨੂੰ ਸਿਰੇ ਚਾੜਨ ਵਾਲੇ ਹੀ ਸਾਡੇ ਮਿੱਤਰ ਹਨ।

ਸ਼੍ਰੋਮਣੀ ਭਗਤ ਭਗਤ ਰਵਿਦਾਸ ਜੀ ਨੇ ਇਕ ਸੋਹਣੇ ਸੰਸਾਰ ਦਾ ਸੰਕਲਪ ਕੀਤਾ ਸੀ ।ਉਸ ਵਤਨਗਹ ਦਾ ਨਾਮ ਆਪ ਨੇ ਬੇ.ਗ਼ਮਪੁਰਾ ਰੱਖਿਆ ਸੀ। ਇਕ ਸ਼ਬਦ ਰਾਹੀਂ ਆਪ ਨੇ ਫ਼ਰਮਾਇਆ, ਹੇ ਭਾਈ! ਹੁਣ ਮੈਂ ਇਕ ਸੋਹਣੇ ਦੇਸ਼ ਦਾ ਸੰਕਲਪ ਕਰ ਲਿਆ ਹੈ। ਬੇ.ਗ਼ਮਪੁਰੇ ਵਿਚ ਸਾਰਿਆਂ ਦੀ ਖ਼ੈਰ ਮੰਗੀ ਗਈ ਹੈ। ਸਰਬੱਤ ਦਾ ਭਲਾ ਹੋਵੇਗਾ। ਅੱਜ ਵੀ ਸਿੱਖ ਆਪਣੀ ਅਰਦਾਸ ਵਿਚ ਹਰ ਰੋਜ਼ ਇਹ ਆਖਦੇ ਹਨ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ। ਭਾਵ ਗੁਰੂ ਨਾਨਕ ਦਾ ਨਾਮ ਹੈ ਚੜ੍ਹਦੀ ਕਲਾ ਜਾਂ ਮਨੁੱਖਤਾ ਦਾ ਵਿਕਾਸ। ਮਨੁੱਖਤਾ ਦੇ ਵਿਕਾਸ ਨਾਲ ਹੀ ਸਾਰਿਆਂ ਦਾ ਭਲਾ ਹੋਵੇਗਾ। ਭਗਤ ਰਵਿਦਾਸ ਜੀ ਨੇ ਵੀ ਫ਼ਰਮਾਇਆ ਕਿ ਸਾਡੇ ਕਲਪੇ ਵਤਨਗਾਹ ਵਿਚ ਕਿਸੇ ਨੂੰ ਕੋਈ ਦੁੱਖ ਅਤੇ ਚਿੰਤਾ ਨਹੀਂ ਹੋਵੇਗੀ ਨਾ ਹੀ ਕਿਸੇ ਨੂੰ ਕੋਈ ਟੈਕਸ ਆਦਿ ਦੇਣ ਦੀ ਖ਼ਬਰਾਹਟ ਹੋਵੇਗੀ। ਕਿਸੇ ਨੂੰ ਕੋਈ ਘਾਟਾ ਪੈਣ ਦਾ ਡਰ ਨਹੀਂ ਹੋਵੇਗਾ। ਇਹ ਸੋਹਣੇ ਵਤਨਗਾਹ ਦੀ ਪ੍ਰਸਤਾਵਨਾ ਹੈ। ਇਸ ਤਰ੍ਹਾਂ ਦੇ ਦੇਸ਼ ਦੀ ਸਰਕਾਰ ਵੀ ਪੱਕੀ ਹੋਵੇਗੀ । ਓਥੇ ਕੋਈ ਉੱਚਾ ਨੀਵਾਂ ਨਹੀਂ ਹੋਵੇਗਾ। ਸਭ ਨੂੰ ਬਰਾਬਰਤਾ ਦਾ ਅਧਿਕਾਰ ਹੋਵੇਗਾ। ਬੇ.ਗ਼ਮਪੁਰਾ ਵਤਨਗਾਹ ਵਿਚ ਵੱਸਣ ਵਾਲਿਆਂ ਦੀ ਆਮਦਨੀ ਤਸੱਲੀਬਖ਼ਸ਼ ਹੋਵੇਗੀ ਅਤੇ ਆਬਾਦੀ ਵੀ ਰੱਜਿਆਂ-ਪੁੱਜਿਆਂ ਦੀ ਹੋਵੇਗੀ । ਬੇ.ਗ਼ਮਪੁਰੇ ਵਿਚ ਘੁੰਮਣ-ਫ਼ਿਰਨ ਦੀ ਪੂਰਨ ਆਜ਼ਾਦੀ ਹੋਵੇਗੀ। ਵੀਜ਼ੇ ਆਦਿ ਦੀ ਕੋਈ ਲੋੜ ਨਹੀਂ ਹੋਵੇਗੀ। ਕੋਈ ਕਿਸੇ ਨੂੰ ਰੋਕਣ ਟੋਕਣ ਵਾਲਾ ਨਹੀਂ ਹੋਵੇਗਾ। ਇਹ ਸੰਕਲਪ ਭਾਰਤ ਦੀ ਅਖੌਤੀ ਸਾਰਿਆਂ ਤੋਂ ਨੀਂਵੀ ਆਖੀ ਜਾਣ ਵਾਲੀ (ਮੰਨੂੰ ਵਰਣ ਵੰਡ ਅਨੁਸਾਰ) ਜਾਤ ਵਿਚ ਪੈਦਾ ਹੋਣ ਵਾਲੇ ਭਗਤ ਰਵਿਦਾਸ ਜੀ ਨੇ ਕੀਤਾ ਸੀ। ਸ਼ਬਦ ਦੇ ਅਖ਼ੀਰ ਵਿਚ ਆਪ ਨੇ ਫ਼ਰਮਾਇਆ, ਬੇ.ਗ਼ਮਪੁਰੇ ਨੂੰ ਸਿਰੇ ਚਾੜਨ ਵਾਲੇ ਹੀ ਸਾਡੇ ਮਿੱਤਰ ਹਨ। ਇਹ ਗੱਲ ਉਹ ਕਹਿ ਰਿਹਾ ਹੈ ਜਿਸ ਨੂੰ ਭਾਰਤ ਦੇ ਜਾਤਿ ਅਭਿਮਾਨੀ ਪੱਕਾ ਚਮਾਰ ਸਮਝਦੇ ਹਨ। ਸ਼ਬਦ ਇਸ ਪ੍ਰਕਾਰ ਹੈ :

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**

**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**

**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**

**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

**(ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ, ਅੰਕ : ੩੪੫)**

***

ਕਬੀਰ ਸਾਹਿਬ ਨੇ ਬੇ.ਗ਼ਮਪੁਰੇ ਨੂੰ ਬੈਕੁੰਠ ਨਗਰ ਕਿਹਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੱਚਖੰਡ ਅਤੇ ਕਰਤਾਰਪੁਰ ਕਰਤਾ ਵਸੇ ਫ਼ਰਮਾਇਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਹਲੇਮੀ ਰਾਜ ਕਿਹਾ ਹੈ :

**ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥**

**ਪੈ ਕੋਇ ਨ ਕਿਸੈ ਰਞਾਣਦਾ ॥**

**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ( ॥੨੧॥੨॥੨੯॥)**

**(ਸਿਰੀਰਾਗੁ ਮ. ੫, ਅੰਕ : ੭੩-੭੪)**

ਬੇ.ਗ਼ਮਪੁਰੇ ਦੀ ਸਿਰਜਣਾ ਹੋ ਸਕਦੀ ਹੈ ਜੇ ਮਨੁੱਖ ਇਹ ਸਮਝ ਲਵੇ ਕਿ ਉਹ ਧਰਤੀ ਦਾ ਸਭ ਤੋਂ ਵਧੀਆ ਜੀਵ ਹੈ । ਉਹਦਾ ਇਹ ਫ਼ਰਜ਼ ਹੈ ਕਿ ਇਸ ਧਰਤੀ ਨੂੰ ਸੁੰਦਰ ਬਣਾਵੇ। ਪਹਿਲਾਂ ਮਨੁੱਖ ਆਪ ਸੁੰਦਰ ਬਣੇ। ਬੇ-ਐਬ ਹੋ ਕੇ ਆਪਣੇ ਮਨ ਨੂੰ ਜਿੱਤ ਕੇ ਜੱਗ ਨੂੰ ਜਿੱਤੇ ਤੇ ਸੰਸਾਰ ਨੂੰ ਸਵਾਰੇ। ਧਰਤੀ ਦੀ ਦੌਲਤ ਕਿਸੇ ਇਕ ਦੇਸ਼ ਨੇ ਇਕੱਠੀ ਨਹੀਂ ਕਰਨੀ। ਧਰਤੀ ਸਾਰਿਆਂ ਦੀ ਸਾਂਝੀ ਹੈ। ਧਰਮਸਾਲ ਹੈ ਤੇ ਧਰਮ ਕਮਾਉਣ ਵਾਸਤੇ ਹੈ। ਮਨੁੱਖ ਦੀ ਇਹ ਬਦਕਿਸਮਤੀ ਹੈ ਕਿ ਮਨੁੱਖ ਆਪ ਸੁਆਰਥੀ ਹੋ ਗਿਆ ਹੈ। ਧਰਤੀ ਦੇ ਸਾਰੇ ਭੰਡਾਰ ਆਪਣੇ ਵੱਸ ਵਿਚ ਕਰਨਾ ਚਾਹੁੰਦਾ ਹੈ। ਇਕ ਦੂਜੇ ਦੀ ਧਰਤੀ ਨੂੰ ਆਪਣੇ ਅਧੀਨ ਕਰਨ ਲਈ ਮਨੁੱਖ ੧੦ ਸਾਲ ਸੰਸਾਰ ਜੰਗਾਂ ਵਿਚ ਹੀ ਜੂਝਦਾ ਰਿਹਾ। ਧਰਤੀ ਨੂੰ ਸੁਆਰਨ ਦਾ ਧਿਆਨ ਹੀ ਵਿਸਰ ਗਿਆ। ਉਲਟਾ ਧਰਤੀ 'ਤੇ ਬੇਅੰਤ ਵਿਗਾੜ ਪੈਦਾ ਕਰ ਲਏ। ਭਾਰਤ ਵਿਚ ਤਾਂ ਇਕ ਬਹੁਤ ਹੀ ਸ਼ਾਤਰ ਵਿਉਂਤਬੰਦੀ ਨਾਲ ਇਕ ਵਿਸ਼ਾਲ ਮਨੁੱਖਾਂ ਦੇ ਸਮੂਹ (ਦਲਿਤਾਂ ਨੂੰ) ਧਨ ਅਤੇ ਵਿੱਦਿਆ ਤੋਂ ਕੋਰੇ ਰੱਖਿਆ ਗਿਆ ਹੈ। ਇਨ੍ਹਾਂ ਦੀ ਮਾਨਸਿਕਤਾ ਹੀ ਗ਼ੁਲਾਮੀ ਵਾਲੀ ਬਣਾ ਦਿੱਤੀ

ਹੈ। ਇਹ ਦਲਿਤ ਸੋਚ ਹੀ ਨਹੀਂ ਸਕਦੇ ਕਿ ਉਨ੍ਹਾਂ ਦਾ ਕੋਈ ਦਲਿਤ ਭਰਾ ਆਗੂ ਭੀ ਬਣ ਸਕਦਾ ਹੈ। ਇਨ੍ਹਾਂ ਨੇ ਆਪ ਹੀ ਭੇਡਾਂ ਦੀ ਤਰ੍ਹਾਂ ਸਿਰ ਨੀਵਾਂ ਕਰਕੇ ਚੱਲਣ ਦੀ ਆਦਤ ਪਾ ਲਈ ਹੈ। ਜੇ ਕੋਈ ਦਲਿਤ ਤਰੱਕੀ ਕਰਕੇ ਆਗੂ ਬਣਨ ਦੀ ਹਿੰਮਤ ਕਰੇ ਭੀ ਤਾਂ ਦਲਿਤ ਹੀ ਉਸ ਦੀ ਲੱਤ ਫੜ ਕੇ ਘੜੀਸ ਕੇ ਬਾਹਰ ਸੁੱਟਦੇ ਆਏ ਹਨ। ਸ਼ਾਤਰ ਕਿਸਮ ਦੇ ਰਾਜਨੇਤਾ ਇਨ੍ਹਾਂ ਨੂੰ ਭਰਮਾ ਕੇ ਆਖਦੇ ਹਨ, ਤੁਸੀਂ ੩੫ % ਹੋ । ਇਕੱਠੇ ਹੋ ਕੇ ਆਪਣਾ ਰਾਜ ਭਾਗ ਲੈ ਲਵੋ। ਇਹ ਨਹੀਂ ਕਹਿੰਦੇ ਕਿ ਪਹਿਲਾਂ ਬਾਬਾ ਅੰਬੇਦਕਰ ਸਾਹਿਬ ਦੀ ਤਰ੍ਹਾਂ ਉੱਚ ਵਿੱਦਿਆ ਪ੍ਰਾਪਤ ਕਰੋ ਫਿਰ ਸੰਘਰਸ਼ ਕਰਕੇ ਆਪਣੀ ਕਾਬਲੀਅਤ ਲੋਕਾਂ ਦੇ ਸਾਹਮਣੇ ਰੱਖੋ। ਲੋਕ ਆਪਣੇ ਆਪ ਜੁੜਨਗੇ। ਇਹ ਤਾਂ ਇਸ ਤਰ੍ਹਾਂ ਆਖਦੇ ਹਨ, ਪੜ੍ਹੋ, ਜੁੜੋ ਤੇ ਸੰਘਰਸ਼ ਕਰੋ। ਪੜ੍ਹ ਕੇ ਲੋਕਾਂ ਦੇ ਜੁੜਨ ਦੀ ਆਸ ਵਿਚ ਜ਼ਿੰਦਗੀ ਗੁਆ ਲੈਂਦੇ ਹਨ। ਉਲਟਾ ਕਹਿੰਦੇ ਰਹਿੰਦੇ ਹਨ ਕੀ ਕਰੀਏ ਲੋਕ ਇਕੱਠੇ ਹੀ ਨਹੀਂ ਹੁੰਦੇ।

ਸੰਘਰਸ਼ ਦੇ ਰਸਤੇ ਵਿਚ ਮੋਹ ਇਕ ਬਹੁਤ ਵੱਡੀ ਰੁਕਾਵਟ ਬਣ ਕੇ ਖੜ੍ਹਾ ਹੋ ਜਾਂਦਾ ਹੈ। ਸਦੀਆਂ ਦੇ ਭੁੱਖਿਆਂ ਨੂੰ ਜਦੋਂ ਕੁਝ ਮਿਲ ਜਾਂਦਾ ਹੈ ( ਨੌਕਰੀ ਆਦਿ) ਤਾਂ ਉਹ ਭੇਡਾਂ ਦੀ ਤਰ੍ਹਾਂ ਸਿਰ ਨੀਵਾਂ ਕਰਕੇ ਚਰੀ ਜਾਂਦੇ ਹਨ। ਉਹ ਇਹ ਵੀ ਸੋਚਦੇ ਹਨ ਮਸਾਂ-ਮਸਾਂ ਕੁਝ ਮਿਲਿਆ ਹੈ ਸੰਘਰਸ਼ ਦੇ ਪੰਗਿਆਂ ਵਿਚ ਪੈ ਕੇ ਕੀ ਲੈਣਾ ਹੈ? ਬੱਚੇ ਭੁੱਖੇ ਮਰ ਜਾਣਗੇ, ਟੱਬਰ ਰੁਲ ਜਾਵੇਗਾ। ਕੇਵਲ ਆਪਣੇ ਅਤੇ ਆਪਣੇ ਬੱਚਿਆਂ ਲਈ ਹੀ ਜੀਣਾ ਮੋਹ ਹੈ । ਬਾਬਾ ਰਵਿਦਾਸ ਜੀ ਨੇ ਮੋਹ ਦੀ ਫ਼ਾਸੀ ਕੱਟਣ ਵਾਸਤੇ ਫ਼ਰਮਾਇਆ ਹੈ । ਹੇ ਪਭੂ ਜੇ ਤੈਂ ਸਾਨੂੰ ਮੋਹ ਦੀ ਫ਼ਾਸੀ ਵਿਚ ਬੰਨ੍ਹ ਲਿਆ ਹੈ ਤਾਂ ਅਸੀਂ ਵੀ ਤੈਨੂੰ ਆਪਣੇ ਪ੍ਰੇਮ ਦੇ ਬੰਧਨ ਵਿਚ ਬੰਨ੍ਹ ਲਿਆ ਹੈ। ਤੁਸੀਂ ਆਪਣੇ ਛੁੱਟਣ ਦਾ ਫ਼ਿਕਰ ਕਰੋ, ਅਸੀਂ ਤਾਂ ਤੈਨੂੰ ਸਿਮਰ ਕੇ ਛੁੱਟ ਜਾਵਾਂਗੇ। ਤੁਸੀਂ ਕਿਸ ਨੂੰ ਸਿਮਰੋਗੇ? ਸ਼ਬਦ ਹੈ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥( ॥੪॥੨॥)**

**(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਕ : ੬੫੮)**

ਕਿਤਨਾ ਹੈਰਾਨਕੁੰਨ ਆਤਮ ਵਿਸ਼ਵਾਸ ਹੈ ਭਗਤ ਰਵਿਦਾਸ ਜੀ ਦਾ! ਅੱਗੇ ਮੱਛੀ ਦੀ ਉਦਾਹਰਣ ਦਿੱਤੀ ਹੈ। ਮੱਛੀ ਦੀ ਪ੍ਰੀਤ ਪਾਣੀ ਨਾਲ ਹੈ। ਪਾਣੀ ਤੋਂ ਬਿਨ੍ਹਾਂ ਮਰ ਜਾਂਦੀ ਹੈ। ਜੇ ਮੱਛੀ ਨੂੰ ਕੱਟ-ਵੱਢ ਕੇ ਰਿੰਨ੍ਹ ਕੇ ਖਾ ਵੀ ਲਵੋ ਤਾਂ ਵੀ ਮੱਛੀ ਖਾਣ ਵਾਲਾ ਪਾਣੀ-ਪਾਣੀ ਆਖਦਾ ਹੈ। ਭਗਤ ਰਵਿਦਾਸ ਜੀ ਦੀ ਪ੍ਰੀਤ ਭੀ ਇਸ ਤਰ੍ਹਾਂ ਹੈ ਰੱਬ ਨਾਲ। ਏਸੇ ਸ਼ਬਦ ਵਿਚ ਭਗਤ ਰਵਿਦਾਸ ਜੀ ਇਹ ਵੀ ਫ਼ਰਮਾਉਂਦੇ ਹਨ, ਰੱਬ ਕਿਸੇ ਦੇ ਬਾਪ ਦੀ ਮਲਕੀਅਤ ਨਹੀਂ ਹੈ। ਰੱਬ ਸਾਡਾ ਸਾਰਿਆਂ ਦਾ ਪਿਤਾ ਹੈ। ਦੁਨੀਆ ਬੇਸ਼ੱਕ ਮੋਹ ਵਿਚ ਫ਼ਸੀ ਹੋਵੇ ਪਰ ਭਗਤ ਜਨ ਮੋਹ ਤੋਂ ਮੁਕਤ ਹਨ। ਸ਼ਬਦ ਹੈ :

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥**

**ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥੩॥( ॥੪॥੨॥)**

**(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਕ : ੬੫੮)**

ਸਦੀਆਂ ਦੇ ਗਲ ਗ਼ੁਲਾਮੀ ਦੇ ਸੰਗਲ ਪਏ ਹੋਏ ਤਾਂ ਦ੍ਰਿੜ੍ਹ ਵਿਸ਼ਵਾਸ ਨਾਲ ਹੀ ਕੱਟੇ ਜਾ ਸਕਦੇ ਹਨ। ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮੋਹ ਦੀ ਫ਼ਾਸੀ ਕੱਟਣ ਲਈ ਅਮਲ ਕਰਕੇ ਦਿਖਾਇਆ ਹੈ। ਨਿਮਾਣਿਆਂ ਨੂੰ ਮਾਣ ਦਿਵਾਉਣ ਲਈ, ਨਿਤਾਣਿਆਂ ਨੂੰ ਤਾਣ ਦਿਵਾਉਣ ਲਈ ਸਰਬੰਸ ਵਾਰ ਦਿੱਤਾ ਸੀ। ਜੇ ਤਾਂ ਦਲਿਤਾਂ ਨੇ ਸਿਸਟਮ ਬਦਲਣਾ ਹੈ ਜੋ ਭਾਰਤ ਦੇ ਸ਼ਾਤਰ ਬ੍ਰਾਹਮਣਵਾਦੀਆਂ ਨੇ ਚਲਾ ਰੱਖਿਆ ਹੈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣਾ ਪਵੇਗਾ। ਕੁਰਬਾਨੀ ਤੋਂ ਬਗੈਰ ਗ਼ੁਲਾਮੀ ਦੇ ਸੰਗਲ ਨਹੀਂ ਟੁੱਟਣੇ। ਕਈ ਬੁੱਧੀਜੀਵੀ ਅੱਜ-ਕਲ੍ਹ ਇਹ ਵੀ ਕਹਿੰਦੇ ਹਨ ਹੁਣ ਸਿਰ ਦੇਣ ਦੀ ਲੋੜ ਨਹੀਂ ਬਲਕਿ ਸਿਰ ਵਰਤਣ ਦੀ ਲੋੜ ਹੈ। ਸਿਰ ਵਰਤਣਾ ਸਿਰ ਦੇਣ ਨਾਲੋਂ ਔਖਾ ਹੈ। ਬੇਸ਼ੱਕ ਗੁਰਮਤਿ ਦਾ ਸਿਧਾਂਤ ਹੈ ਸਿੱਖ ਦੀ ਕੋਈ ਜਾਤ ਨਹੀਂ ਤੇ ਜਾਤ ਵਾਲਾ ਸਿੱਖ ਨਹੀਂ। ਆਹ ਛੋਟੀ ਜਿਹੀ ਗੱਲ ਕਿਉਂ ਨਹੀਂ ਸਿਰਾਂ ਵਿਚ ਵੜਦੀ। ਜੱਟਾਂ ਦੇ ਗੁਰਦੁਆਰੇ ਕੋਈ ਦਲਿਤ ਪ੍ਰਧਾਨ ਨਹੀਂ ਬਣ ਸਕਦਾ। ਉਹ ਸਿਰ ਤਾਂ ਦੇ ਦੇਣਗੇ ਪਰ ਕਿਸੇ ਦਲਿਤ ਨੂੰ ਪ੍ਰਧਾਨ ਨਹੀਂ ਬਣਾਉਣਗੇ । ਗੁਰਾਂ ਦੀ ਧਰਤੀ 'ਤੇ ਤਾਂ ਮੁਰਦੇ ਵੀ ਇਕ ਜਗਾ ਨਹੀਂ ਫ਼ੂਕੇ ਜਾਂਦੇ। ਇਨ੍ਹਾਂ ਨੂੰ ਡਰ ਹੈ ਕਿ ਕਿਤੇ ਉੱਪਰ ਜਾ ਕੇ ਭਿੱਟੇ ਨਾ ਜਾਣ। ਸਿਰ ਵਰਤਣ ਦਾ ਮਤਲਬ ਹੈ; ਗੁਰੂ ਦੇ ਸਿਧਾਂਤ ਨੂੰ ਮੂਹਰੇ ਰੱਖ ਕੇ ਜੀਵਨ ਜੀਣਾ। ਇਕ ਵੇਰ ਅਗਰ ਗੁਰਮਤਿ ਨਾਲ ਪ੍ਰੇਮ ਪੈ ਜਾਵੇ ਫ਼ਿਰ ਕੋਈ ਚਾਹੇ ਆਰੇ ਨਾਲ ਚੀਰੀ ਜਾਵੇ, ਦੇਗਾਂ ਵਿਚ ਉਬਾਲ ਦੇਵੇ, ਤੱਤੀ ਤਵੀ 'ਤੇ ਬੈਠ ਕੇ ਵੀ ਗੀਤ "ਤੇਰਾ ਭਾਣਾ ਮੀਠਾ ਲਾਗੈ ਵਾਲਾ" ਗਾਉਣਗੇ। ਏਹੀ ਗੁਰੂ ਪਾਤਿਸ਼ਾਹ ਦੀ ਪ੍ਰੇਮ ਦੀ ਖੇਡ ਹੈ। ਕਈ ਰਾਜ ਨੇਤਾ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ। ਦਿੱਲੀ ਦੀ ਪਾਰਲੀਮੈਂਟ ਸਭ ਤੋਂ ਵੱਡਾ ਗੁਰਦੁਆਰਾ ਹੈ ਓਥੇ ਕਬਜ਼ਾ ਕਰੋ, ਬਾਕੀ ਗੁਰਦੁਆਰੇ ਆਪੇ ਆਜ਼ਾਦ ਕਰਵਾ ਲਵਾਂਗੇ। ਗਾਂਧੀ ਜੀ ਨੇ ਵੀ ਸਿੱਖਾਂ ਨੂੰ ਏਹੀ ਨਸੀਹਤ ਦਿੱਤੀ ਸੀ। ਪਹਿਲਾਂ ਭਾਰਤ ਨੂੰ ਆਜ਼ਾਦ ਕਰਵਾਓ ਫਿਰ ਨਨਕਾਣਾ ਸਾਹਿਬ ਆਦਿ ਆਪੇ ਆਜ਼ਾਦ ਹੋ ਜਾਣਗੇ। ਹੁਣ ਦੇਖ ਲਓ ਹੋ ਗਏ ਸਾਰੇ ਆਜ਼ਾਦ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੭੫ ਮੈਂਬਰ ਖੁੱਡੇ ਲਾਈਨ ਲਗਾ ਰੱਖੇ ਹਨ। ਦਲਿਤਾਂ ਨੇ ਜੇ ਰਾਜ-ਭਾਗ ਲੈਣਾ ਹੈ ਤਾਂ ਕਿਸੇ ਪਾਰਟੀ ਨਾਲ ਮਿਲਣ। ਆਬਾਦੀ ਦੇ ਹਿਸਾਬ ਨਾਲ ਸੀਟਾਂ ਦੀ ਮੰਗ ਕਰਨ। ਜੇ ੩੫% ਹਨ ਤਾਂ ੩੫% ਵਿਧਾਇਕਾਂ ਦੀ ਮੰਗ ਕਰਨ। ਵੈਸੇ ਇਹ ਗੱਲ ਬ੍ਰਾਹਮਣਵਾਦੀ ਪਾਰਟੀਆਂ ਮਨਜ਼ੂਰ ਨਹੀਂ ਕਰਨਗੀਆਂ। ਫਿਰ ਤਾਂ ਇਕੋ ਹੱਲ ਹੈ ਦ੍ਰਿੜ੍ਹਤਾ ਨਾਲ ਗੁਰੂ ਵਾਲੇ ਬਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਦਾ ਇਰਾਦਾ ਕਰ ਲੈਣ। ਭਗਤ ਰਵਿਦਾਸ ਜੀ ਦੀ ਗੱਲ ਨੂੰ ਗੌਰ ਨਾਲ ਹਿਰਦੇ ਵਿਚ ਬਿਠਾਉਣ। ਭਗਤ ਰਵਿਦਾਸ ਜੀ ਨੇ ਰੱਬ ਨੂੰ ਮਾਧੋ ਕਿਹਾ ਹੈ। ਹੇ ਮਾਧੋ! ਸਾਡੇ ਬੰਦਿਆਂ ਨੇ ਅਨਪੜ੍ਹਤਾ ਨਾਲ ਪਿਆਰ ਪਾਇਆ ਹੋਇਆ ਹੈ। ਬਿਬੇਕ ਦਾ ਦੀਵਾ ਮੈਲਾ ਹੋਇਆ ਪਿਆ ਹੈ। ਇਸ ਲਈ ਸਾਡੇ ਬੰਦਿਆਂ ਨੂੰ ਕੁਝ ਸੁਝਦਾ ਨਹੀਂ। ਕਿਰਪਾ ਕਰਕੇ ਸਾਡੇ ਵਿਵੇਕ ਦਾ ਦੀਵਾ ਬਾਲ ਦਿਓ ਤਾਂ ਕਿ ਗਲਤ ਠੀਕ ਦਾ ਫ਼ੈਸਲਾ ਅਸੀਂ ਵੀ ਜਲਦੀ ਤੋਂ ਜਲਦੀ ਕਰ ਸਕੀਏ । ਆਪ ਨੇ ਫ਼ਰਮਾਇਆ ਹੈ :

**ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥੧॥ ਰਹਾਉ॥( ॥੪॥੧॥)**

**(ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ, ਅੰਕ : ੪੮੬)**

ਭਗਤ ਰਵਿਦਾਸ ਜੀ ਨੇ ਇਕ ਹੋਰ ਸ਼ਬਦ ਵਿਚ ਬਿਬੇਕ ਬੁੱਧੀ ਦੀ ਗੱਲ ਕੀਤੀ। ਫ਼ਰਮਾਇਆ ਹੈ : ਹੇ ਪ੍ਰਭੂ ! ਅਸੀਂ ਪਿਛਲੇ ਜਨਮਾਂ ਦੇ ਚੰਗੇ ਕਰਮਾਂ ਕਰਕੇ ਅਮੋਲਕ ਅਤੇ ਦੁਰਲੱਭ ਮਨੁੱਖਾ ਜਨਮ ਤਾਂ ਪ੍ਰਾਪਤ ਕਰ ਲਿਆ ਹੈ ਪਰ ਬਿਬੇਕ ਬੁੱਧ ਤੋਂ ਬਗੈਰ ਇਹ ਮਨੁੱਖਾ ਜਨਮ ਐਵੇਂ ਹੀ ਜਾ ਰਿਹਾ ਹੈ। ਕਿਰਪਾ ਕਰਕੇ ਸਾਡੇ ਮੱਥੇ ਦਾ ਦੀਵਾ ਬਾਲ ਦਿਓ ਜੀ । ਸ਼ਬਦ ਹੈ :

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥...॥੧॥( ॥੩॥੩॥)**

**(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਕ : ੬੫੮)**

ਗੁਰੂ ਜੀ ਨੇ ਵੀ ਬਿਬੇਕ ਬੁੱਧ ਲਈ ਅਰਦਾਸ ਕੀਤੀ ਹੈ। ਜਗਿਆਸੂ ਗੁਰੂ ਕੋਲ ਆਇਆ ਤੇ ਕਿਹਾ ਪਾਠ ਵੀ ਕਰਦੇ ਹਾਂ, ਵੇਦ ਵੀ ਪੜ੍ਹਦੇ ਹਾਂ, ਯੋਗਾ ਵੀ ਕਰਦੇ ਹਾਂ ਪਰ ਕਾਮ, ਕ੍ਰੋਧ, ਮੋਹ ਤੋਂ ਖਹਿੜਾ ਨਹੀਂ ਛੁੱਟਦਾ। ਉਲਟਾ ਹੰਕਾਰ ਵਧਿਆ ਹੈ। ਗੁਰੂ ਜੀ ਨੇ ਫ਼ਰਮਾਇਆ। ਪਿਆਰੇ ਇਹ ਤਰੀਕਾ ਨਹੀਂ, ਪ੍ਰਭੂ ਮਿਲਾਪ ਦਾ ਤਰੀਕਾ ਇਹ ਹੈ ਕਿ ਆਪਣੇ ਆਪ ਨੂੰ ਪ੍ਰਭੂ ਨੂੰ ਜਾਂ ਗੁਰੂ ਨੂੰ ਸਮਰਪਿਤ ਕਰੋ ਅਤੇ ਅਰਦਾਸ ਕਰੋ ਨਿਮਰਤਾ ਨਾਲ ਕਿ ਹੇ ਵਾਹਿਗੁਰੂ ਮੈਨੂੰ ਬਿਬੇਕ ਬੁੱਧ ਦੀ

ਬਖ਼ਸ਼ਿਸ਼ ਕਰੋ ।ਸ਼ਬਦ ਹੈ :

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥...**

**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥...॥੨॥( ॥੧॥੩॥)**

**(ਸੋਰਠਿ ਮ. ੫ ਘਰੁ ੨ ਅਸਟਪਦੀਆ, ਅੰਕ : ੬੪੧)**

ਭਗਤ ਰਵਿਦਾਸ ਜੀ ਨੇ ਤਾਂ ਏਥੋਂ ਤੱਕ ਫ਼ਰਮਾਇਆ ਹੈ :

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥**

**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥( ॥੩ ॥੧ ॥)**

**(ਗਉੜੀ ਪੂਰਬੀ ਰਵਿਦਾਸ ਜੀਉ, ਅੰਕ : ੩੪੬)**

ਭਗਤ ਰਵਿਦਾਸ ਜੀ ਨੇ ਤਾਂ ਬਿਬੇਕ ਬੁੱਧੀ ਦੀ ਪ੍ਰਾਪਤੀ ਲਈ ਪੂਰਾ ਜਨਮ ਸਮਰਪਿਤ ਕੀਤਾ ਸੀ। ਆਪ ਨੇ ਫ਼ਰਮਾਇਆ :

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥...॥੨॥੧॥**

**(ਧਨਾਸਰੀ ਭਗਤ ਰਵਿਦਾਸ ਜੀ ਕੀ, ਅੰਕ : ੬੯੪)**

ਬ੍ਰਾਹਮਣਵਾਦੀਆਂ ਦੇ ਜੂਲੇ ਹੇਠੋਂ ਨਿਕਲਣਾ ਕੋਈ ਸੌਖਾ ਕੰਮ ਨਹੀਂ ਹੈ। ਇਨ੍ਹਾਂ ਨੇ ਭਾਰਤ ਦੀ ਸਾਰੀ ਪੂੰਜੀ 'ਤੇ ਕਬਜ਼ਾ ਕਰ ਰੱਖਿਆ ਹੈ। ਰਾਜ-ਭਾਗ 'ਤੇ ਪੂਰੀ ਤਰ੍ਹਾਂ ਕਾਬਜ਼ ਹਨ। ੩੫% ਦੇ ਭੁਲੇਖੇ ਵਿਚ ਨਹੀਂ ਰਹਿਣਾ। ਜੇ ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਦਲਿਤ ਉੱਪਰ ਆ ਰਹੇ ਹਨ ਤਾਂ ਇਨ੍ਹਾਂ ਨੇ ਇਕੱਠੇ ਹੋ ਜਾਣਾ ਹੈ। ਕਾਂਗਰਸ ਤੇ ਬੀ.ਜੇ.ਪੀ. ਨੇ ਇਕੱਠਿਆਂ ਹੋ ਕੇ ਦਲਿਤਾਂ ਨੂੰ ਪਛਾੜਨਾ ਹੈ। ੩੫% ਦੇ ਭੁਲੇਖੇ ਵਿਚ ੭੦ ਸਾਲ ਨਿਕਲ ਗਏ। ਬਿਬੇਕ ਬੁੱਧ ਆਵੇਗੀ ਜੇ ਗੁਰਬਾਣੀ ਪੜ੍ਹਾਂਗੇ, ਸਮਝਾਂਗੇ ਅਤੇ ਉਸ ਅਨੁਸਾਰ ਚੱਲਾਂਗੇ, ਫ਼ਿਰ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਵਿਚ ਵੀ ਅਨੰਦ ਆਵੇਗਾ। ਬ੍ਰਾਹਮਣਵਾਦੀਆਂ ਨੂੰ ਖ਼ਤਰਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੈ, ਇਸ ਲਈ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਾਂਭੇ ਕਰਨ ਲਈ ਤਰਲੋਮੱਛੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਸੇ ਕਰਨ ਲਈ ਇਹ ਬੇਅੰਤ ਧਨ ਖ਼ਰਚ ਕਰ ਰਹੇ ਹਨ। ਗੁਰਮਤਿ ਵਿਚ ਗੰਧਲ ਪਾਉਣ ਲਈ ਡੇਰਾਵਾਦ ਨੂੰ ਉਭਾਰਿਆ ਹੈ ਅਤੇ ਸਿੱਖੀ ਭੇਖ ਵਿਚ ਸਾਧ ਲਾਣਾ ਸਰਗਰਮ ਕੀਤਾ ਗਿਆ ਹੈ। ਸਿੱਖਾਂ ਦੇ ਬੱਚਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਕਥਾ ਯਾਦ ਨਾ ਆਵੇ ਇਸ ਲਈ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਪੱਕੀ ਤਰੀਕ ਨਹੀਂ ਮਿਥਣ ਦਿੰਦੇ। ਇਹ ਭਾਰਤ ਵਿਚ ਸਭ ਨੂੰ ਹਿੰਦੂ ਬਣਾਉਣਾ ਚਾਹੁੰਦੇ ਹਨ। ਔਰੰਗਜ਼ੇਬ ਨੇ ਵੀ ਭਾਰਤ ਵਿਚ ਇਸਲਾਮ ਲਾਗੂ ਕਰਨ ਦਾ ਨਿਸ਼ਾਨਾ ਮਿੱਥਿਆ ਸੀ। ਉਸ ਨੇ ਸ਼ੁਰੂਆਤ ਕਸ਼ਮੀਰ ਤੋਂ ਕੀਤੀ ਸੀ। ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਫ਼ਰਿਆਦੀ ਬਣ ਕੇ ਆਏ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਆਜ਼ਾਦੀ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਦਿੱਲੀ ਪੇਸ਼ ਹੋ ਕੇ ਸ਼ਹੀਦੀ ਦਿੱਤੀ ਸੀ। ਉਦੋਂ ਕਸ਼ਮੀਰੀ ਪੰਡਤ ਅਨੰਦਪੁਰ ਸਾਹਿਬ ਹੀ ਵੱਸ ਗਏ ਸਨ।

ਸਿੱਖ ਧਰਮ ਦਾ ਨਿਸ਼ਾਨਾ ਹੀ ਦੱਬੇ-ਕੁਚਲੇ ਲੋਕਾਂ ਨੂੰ ਉਪਰ ਲਿਆਉਣਾ ਅਤੇ ਜਬਰ-ਜ਼ੁਲਮ ਦਾ ਨਾਸ਼ ਕਰਨਾ ਹੈ। ਗੁਰੂ ਨਾਨਕ ਸਾਹਿਬ ਜੀ ਵੀ ਦਲਿਤਾਂ ਵਾਲੇ ਪਾਸੇ ਖੜ੍ਹੇ ਹੋਏ ਸਨ। ਆਪ ਨੇ ਫ਼ਰਮਾਇਆ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**

**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥...॥੪॥੩॥**

**(ਸਿਰੀਰਾਗੁ ਮ. ੧, ਅੰਕ : ੧੫)**

ਇਸੇ ਨਿਸ਼ਾਨੇ ਦੀ ਪੂਰਤੀ ਲਈ ਅਤੇ ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਦਿਵਾਉਣ ਲਈ ਅਤੇ ਜਾਤ-ਪਾਤ ਦਾ ਬੀਜ ਨਾਸ਼ ਕਰਨ ਲਈ ਸਾਰੀਆਂ ਉੱਚੀਆਂ-ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਬਰਾਬਰ ਲਿਆਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਬਾਟੇ ਵਿਚੋਂ ਸਭ ਨੂੰ ਇਕ ਦੂਜੇ ਦੀ ਜੂਠ ਪਿਲਾ ਕੇ ਬਰਾਬਰ ਕੀਤਾ ਸੀ ਇਸੇ ਨੂੰ ਅੰਮ੍ਰਿਤ ਕਿਹਾ ਅਤੇ ਪ੍ਰਣ ਵੀ ਕੀਤਾ ਸੀ :

**ਇਨ ਗਰੀਬ ਸਿਖਨ ਕੋ ਦੀਯੋ ਪਾਤਿਸ਼ਾਹੀ**
**ਯੇ ਯਾਦ ਰਖੇ ਹਮਰੀ ਗੁਰਿਆਈ ॥**
**ਅਤੇ**
**ਜਿਨਕੀ ਜਾਤ ਔਰ ਕੁਲ ਮਾਹੀਂ**
**ਸਿਰਦਾਰੀ ਨ ਭਾਈ ਕਿਦਾਹੀ**
**ਇੰਨਹੀ ਕੋ ਸਰਦਾਰ ਬਨਾਵੋਂ**
**ਤਬੈ ਗੋਬਿੰਦ ਸਿੰਘ ਨਾਮ ਕਹਾਵੋ ॥**

ਇਹ ਗੱਲ ਕਸ਼ਮੀਰੀ ਪੰਡਤਾਂ ਅਤੇ ਹਿੰਦੂ ਪਹਾੜੀ ਰਾਜਿਆਂ ਨੂੰ ਪਸੰਦ ਨਾ ਆਈ। ਉਨ੍ਹਾਂ ਗੁਰੂ ਸਾਹਿਬ ਨਾਲ ਸਿੱਧੀਆਂ ਲੜਾਈਆਂ ਵੀ ਲੜੀਆਂ ਪਰ ਕੋਈ ਪੇਸ਼ ਨਾ ਗਈ। ਉਨ੍ਹਾਂ ਔਰੰਗਜ਼ੇਬ ਕੋਲ ਸ਼ਿਕਾਇਤਾਂ ਵੀ ਲਗਾਈਆਂ ਕਿ ਗੁਰੂ ਗੋਬਿੰਦ ਸਿੰਘ ਅਤਿਵਾਦੀ ਹੈ ਅਤੇ ਰਾਜ ਵਾਸਤੇ ਖ਼ਤਰਨਾਕ ਹੈ। ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਵੇਲੇ ਔਰੰਗਜ਼ੇਬ ਨੂੰ ਪਤਾ ਲੱਗ ਗਿਆ ਸੀ ਕਿ ਇਸਲਾਮ ਦੇ ਫ਼ੈਲਾਓ ਵਿਚ ਗੁਰੂ ਗੋਬਿੰਦ ਸਿੰਘ ਰੁਕਾਵਟ ਹੈ। ਇਸੇ ਲਈ ਬੁੱਲ੍ਹੇ ਸ਼ਾਹ ਨੇ ਕਿਹਾ ਸੀ :

**ਨਾ ਬਾਤ ਕਹੂੰ ਅਬ ਕੀ ਨਾ ਬਾਤ ਕਹੂੰ ਤਬ ਕੀ**
**ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ ॥**

ਔਰੰਗਜ਼ੇਬ ਤੇ ਬ੍ਰਾਹਮਣਵਾਦੀ ਪਹਾੜੀ ਹਿੰਦੂ ਰਾਜਿਆਂ ਨੇ ਮਿਲ ਕੇ ਸਿੱਖ ਧਰਮ ਨੂੰ ਖ਼ਤਮ ਕਰਨ ਦਾ ਨਿਸ਼ਾਨਾ ਮਿੱਥ ਲਿਆ। ਭਿਆਨਕ ਯੁੱਧ ਹੋਏ। ਇਨ੍ਹਾਂ ਯੁੱਧਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ, ਮਾਤਾ ਜੀ ਅਤੇ ਅਨੇਕਾਂ ਸਿੰਘ-ਸਿੰਘਣੀਆਂ ਦੀ ਕੁਰਬਾਨੀ ਦਿੱਤੀ। ਸਿੱਖ ਧਰਮ ਤਾਂ ਖ਼ਤਮ ਨਾ ਹੋਇਆ, ਉਲਟਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੇ ਪੀੜ੍ਹੀਆਂ ਦੀ ਜੰਮੀ ਹੋਈ ਮੁਗ਼ਲ ਸਲਤਨਤ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੀ ਨੀਂਹ ਰੱਖੀ। ਸਭ ਤੋਂ ਪਹਿਲਾ ਕੰਮ ਉਨ੍ਹਾਂ ਇਹ ਕੀਤਾ ਕਿ ਜਿਹੜੇ ਕਾਸ਼ਤਕਾਰ ਬ੍ਰਾਹਮਣਵਾਦੀ ਚੌਧਰੀਆਂ ਆਦਿ ਦੀ ਜ਼ਮੀਨ 'ਤੇ ਖੇਤੀ ਕਰਦੇ ਸਨ, ਉਨ੍ਹਾਂ ਜ਼ਮੀਨਾਂ ਨੂੰ ਖੇਤੀ ਕਰਨ ਵਾਲੇ ਕਾਸ਼ਤਕਾਰਾਂ ਦੇ ਨਾਮ ਲਗਾ ਦਿੱਤਾ। ਖੇਤੀ ਕਰਨ ਵਾਲਿਆਂ ਨੂੰ ਖੇਤੀਹਾਰ, ਲੋਹੇ ਦਾ ਕੰਮ ਕਰਨ ਵਾਲੇ ਨੂੰ ਲੋਹਾਰ, ਚੰਮ ਦਾ ਕੰਮ ਕਰਨ ਵਾਲੇ ਨੂੰ ਚਮਾਰ ਕਿਹਾ ਜਾਂਦਾ ਸੀ। ਇਹ ਸਾਰੇ ਇਕੋ ਸ਼੍ਰੇਣੀ ਵਿਚ ਆਉਂਦੇ ਸਨ। ਕੰਮੀ, ਕਮੀਨ ਜਾਂ ਕੰਮ ਕਰਨ ਵਾਲੇ। ਪਰ ਅੱਜ ਓਹੀ ਖੇਤੀ ਕਰਨ ਵਾਲੇ ਜੱਟ ਬਣ ਕੇ ਜ਼ਮੀਨ ਦੇ ਹੰਕਾਰ ਵਿਚ ਜੱਟਵਾਦ ਫ਼ੈਲਾਅ ਕੇ ਗੁਰਸਿੱਖੀ ਦਾ ਘਾਣ ਕਰ ਰਹੇ ਹਨ। ਸਿੱਖੀ ਦਾ ਇਤਨਾ ਘਾਣ ਹੋਣ ਉਪਰੰਤ ਵੀ ਪੰਜਾਬ ਦਾ ਦਲਿਤ ਭਾਰਤ ਦੇ ਸਾਰੇ ਦਲਿਤਾਂ ਨਾਲੋਂ ਚੰਗੀ ਹਾਲਤ ਵਿਚ ਹੈ ਅਤੇ ਪੰਜਾਬ ਦਾ ਜੱਟ ਸਭ ਜਾਤਾਂ ਤੋਂ ਉੱਪਰ ਹੈ। ਪੰਜਾਬ ਦਾ ਜੱਟ ਬ੍ਰਾਹਮਣਵਾਦੀਆਂ ਉੱਚੀਆਂ ਜਾਤੀਆਂ ਵਾਲੇ ਗੋਤ ਆਪਣੇ ਨਾਮ ਨਾਲ ਲਗਾਉਣਾ ਘਟੀਆ ਸਮਝਦਾ ਹੈ। ਪੰਜਾਬ ਦਾ ਜੱਟ ਆਪਣੇ ਨਾਮ ਨਾਲ ਕਦੇ ਵੀ ਸ਼ਰਮਾ, ਪਾਂਡੇ, ਦੂਬੇ ਆਦਿ ਨਹੀਂ ਲਗਾਉਂਦਾ। ਇਹ ਸਭ ਗੁਰਬਾਣੀ ਕਰਕੇ ਹੈ। ਜਦਕਿ ਪੰਜਾਬੋਂ ਬਾਹਰ ਵਾਲੇ ਕਾਸ਼ਤਕਾਰ ਉੱਚੀਆਂ ਜਾਤਾਂ ਵਾਲੇ ਗੋਤ ਲਗਾ ਕੇ ਫ਼ਖ਼ਰ ਮਹਿਸੂਸ ਕਰਦੇ ਹਨ। ਬ੍ਰਾਹਮਣਵਾਦੀਆਂ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਦਲਿਤਾਂ ਅਤੇ ਜੱਟਾਂ ਦੇ ਆਪਸੀ ਮੇਲ-ਜੋਲ ਤੋਂ ਹੁੰਦਾ ਹੈ। ਕਾਂਸ਼ੀ ਰਾਮ ਨੇ ਇਕ ਵਾਰ ਕਿਹਾ ਸੀ ਕਿ ਉਨ੍ਹਾਂ ਦਾ ਸੰਵਿਧਾਨ ਗੁਰੂ ਗ੍ਰੰਥ ਸਾਹਿਬ ਜੀ ਹੈ। ਭਾਰਤ ਦੇ ਬ੍ਰਾਹਮਣਵਾਦੀਆਂ ਨੂੰ ਕਾਂਬਾ ਛਿੜ ਗਿਆ ਸੀ। ਬੇਗ਼ਮ ਪੁਰੇ ਦੀ ਸਥਾਪਤੀ ਲਈ ਜਾਤ-ਪਾਤ ਦਾ ਬੀਜ ਨਾਸ਼ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਪੰਜਾਬ ਦੇ ਬੰਦੇ ਗੁਰੂ ਦੇ ਲੜ ਲੱਗ ਕੇ ਗੁਰਬਾਣੀ ਨਾਲ ਮਨ ਪਵਿੱਤਰ ਕਰਨ। ਇਸ ਤਰੀਕੇ ਨਾਲ ਬੇਗ਼ਮਪੁਰਾ ਵੱਟ 'ਤੇ ਪਿਆ ਹੈ, ਏਹੀ ਖ਼ਾਲਿਸਤਾਨ ਦੀ ਵਤਨਗਾਹ ਹੋਵੇਗੀ ।

# ਪਿੰਡ ਗਿਆਸਪੁਰਾ, ਜ਼ਿਲ੍ਹਾ ਲੁਧਿਆਣਾ,
ਸੰਪਰਕ : 99147-01469.

# ਗੁਰਮਤਿ ਆਹਾਰ ਬਿਬੇਕ

# ਪਰਿਭਾਸ਼ਾ ਅਤੇ ਲੋੜ

ਭਾਈ ਕੁਲਬੀਰ ਸਿੰਘ ਟੋਰਾਂਟੋ

ਗੁਰਮਤਿ ਆਹਾਰ ਬਿਬੇਕ ਦੀ ਸੰਖੇਪ ਪਰਿਭਾਸ਼ਾ ਹੈ ਕਿ ਗੁਰਸਿੱਖ ਨੇ ਤਿਆਰ-ਬਰ-ਤਿਆਰ ਗੁਰਸਿੱਖ ਦੇ ਹੱਥ ਦਾ ਬਣਿਆ ਹੋਇਆ ਆਹਾਰ (ਖਾਣਾ) ਛਕਣਾ ਹੈ ਅਤੇ ਗ਼ੈਰ-ਅੰਮ੍ਰਿਤਧਾਰੀ ਅਤੇ ਰਹਿਤ ਵਲੋਂ ਢਿੱਲਿਆਂ ਪਾਸੋਂ ਛਕਣ ਤੋਂ ਗੁਰੇਜ਼ ਕਰਨਾ ਹੈ। ਇਹ ਬਹੁਤ ਮਹੱਤਵਪੂਰਨ ਰਹਿਤ ਹੈ ਜੋ ਖ਼ਾਲਸਾ ਪੰਥ ਨੂੰ ਆਨਮਤੀਆਂ ਨਾਲ ਮਿਲਗੋਭਾ ਹੋਣ ਤੋਂ ਬਚਾਉਂਦੀ ਹੈ। ਇਸ ਰਹਿਤ ਵਿਚ ਪਰਪੱਕ ਹੋਏ ਬਿਨਾਂ ਗੁਰੂ ਸਾਹਿਬ ਵਲੋਂ 'ਨਿਆਰੇ' ਰਹਿਣ ਦਾ ਹੁਕਮ ਪੂਰਾ ਨਹੀਂ ਹੋ ਸਕਦਾ। ਅੱਜ ਪੰਥ ਦੀ ਜੋ ਤਰਾਸਦੀ ਹਾਲਤ ਹੈ, ਉਸ ਦਾ ਇਕ ਕਾਰਨ ਇਹ ਵੀ ਹੈ ਕਿ ਪੰਥ ਨੇ ਆਪਣਾ ਨਿਆਰਾਪਨ ਤਿਆਗ ਦਿੱਤਾ ਹੈ। ਜਦੋਂ ਤੱਕ ਖ਼ਾਲਸਾ ਨਿਆਰਾ ਰਹੇਗਾ, ਉਦੋਂ ਤੱਕ ਗੁਰੂ ਸਾਹਿਬ ਆਪਣੀ ਪੂਰੀ ਸ਼ਕਤੀ ਦੇਣਗੇ ਪਰ ਜਦੋਂ ਇਹ ਬਿਪਰਾਂ ਅਤੇ ਆਨਮਤੀਆਂ ਦੀ ਰੀਤੀ ਅਪਨਾ ਲਵੇਗਾ, ਉਦੋਂ ਗੁਰੂ ਸਾਹਿਬ ਸਾਰਾ ਤੇਜ ਭਾਵ ਸ਼ਕਤੀ ਖਿੱਚ ਲੈਣਗੇ।

ਗੁਰਮਤਿ ਆਹਾਰ ਬਿਬੇਕ ਸ੍ਰੀ ਗੁਰੂ ਦਸਮੇਸ਼ ਜੀ ਵਲੋਂ ਦ੍ਰਿੜ੍ਹਾਈ ਗਈ ਰਹਿਤ ਦਾ ਇਕ ਜ਼ਰੂਰੀ ਅੰਗ ਹੈ ਅਤੇ ਇਹ ਰਹਿਤ ਰੱਖਣ ਤੋਂ ਬਿਨਾਂ ਕਦੇ ਵੀ ਗੁਰਮਤਿ ਅਨੁਸਾਰੀ ਚੜ੍ਹਦੀ ਕਲਾ ਨਹੀਂ ਹੋ ਸਕਦੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਬ੍ਰਹਮ ਗਿਆਨੀ ਅਵਸਥਾ ਦੇ ਮਾਲਕ ਸਨ। ਉਨ੍ਹਾਂ ਨੇ ਵਾਹਿਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਦਾ ਨਾਮ ਦੀ ਖੁਮਾਰੀ ਵਿਚ ਮਖਮੂਰ ਰਹਿੰਦੇ ਸਨ ਪਰ ਇੰਨੀ ਉੱਚੀ ਅਵਸਥਾ 'ਤੇ ਪਹੁੰਚ ਕੇ ਵੀ ਉਨ੍ਹਾਂ ਨੇ ਗੁਰਮਤਿ ਆਹਾਰ ਬਿਬੇਕ ਸਹਿਤ, ਸ੍ਰੀ ਗੁਰੂ ਦਸਮੇਸ਼ ਜੀ ਵਲੋਂ ਦ੍ਰਿੜ੍ਹਾਈ ਗਈ ਰਹਿਤ ਨਹੀਂ ਛੱਡੀ। ਉਨ੍ਹਾਂ ਨੂੰ ਇਹ ਰਹਿਤ ਰੱਖਣ ਲਈ ਜੇਲ੍ਹਾਂ ਵਿਚ ਅਸਹਿ ਅਤੇ ਅਕਹਿ ਕਸ਼ਟ ਝੱਲਣੇ ਪਏ ਪਰ ਉਹ ਪਰਬਤ ਵਾਂਗ ਅਡੋਲ ਰਹੇ ਅਤੇ ਰਹਿਤ ਦਾ ਪੱਲਾ ਨਹੀਂ ਛੱਡਿਆ। ਅੱਜ ਜਥੇ ਦੇ ਨਾਲ ਸਬੰਧਤ ਗੁਰਸਿੱਖਾਂ ਦੀ ਗਿਣਤੀ, ਉਸ ਵੇਲੇ ਨਾਲੋਂ, ਕਈ ਗੁਣਾਂ ਵੱਧ ਗਈ ਹੈ ਪਰ ਰਹਿਤ ਵਲੋਂ, ਖ਼ਾਸ ਕਰਕੇ ਗੁਰਮਤਿ ਆਹਾਰ ਬਿਬੇਕ ਦੀ ਰਹਿਤ ਵਲੋਂ ਅਨੇਕਾਂ ਗੁਰਸਿੱਖ ਬਹੁਤ ਢਿੱਲੇ ਹੋ ਗਏ ਹਨ।

ਗੁਰਮਤਿ ਆਹਾਰ ਬਿਬੇਕ ਦੀ ਸੰਖੇਪ ਪਰਿਭਾਸ਼ਾ ਹੈ ਕਿ ਗੁਰਸਿੱਖ ਨੇ ਤਿਆਰ-ਬਰ-ਤਿਆਰ ਗੁਰਸਿੱਖ ਦੇ ਹੱਥ ਦਾ ਬਣਿਆ ਹੋਇਆ ਆਹਾਰ (ਖਾਣਾ) ਛਕਣਾ ਹੈ ਅਤੇ ਗ਼ੈਰ-ਅੰਮ੍ਰਿਤਧਾਰੀ ਅਤੇ ਰਹਿਤ ਵਲੋਂ ਢਿੱਲਿਆਂ ਅੰਮ੍ਰਿਤਧਾਰੀਆਂ ਪਾਸੋਂ ਛਕਣ ਤੋਂ ਗੁਰੇਜ਼ ਕਰਨਾ ਹੈ। ਇਹ ਬਹੁਤ ਮਹੱਤਵਪੂਰਨ ਰਹਿਤ ਹੈ ਜੋ ਖ਼ਾਲਸਾ ਪੰਥ ਨੂੰ ਆਨਮਤੀਆਂ ਨਾਲ ਮਿਲਗੋਭਾ ਹੋਣ ਤੋਂ ਬਚਾਉਂਦੀ ਹੈ। ਇਸ ਰਹਿਤ ਵਿਚ ਪਰਪੱਕ ਹੋਏ ਬਿਨਾਂ ਗੁਰੂ ਸਾਹਿਬ ਵਲੋਂ 'ਨਿਆਰੇ' ਰਹਿਣ ਦਾ ਹੁਕਮ ਪੂਰਾ ਨਹੀਂ ਹੋ ਸਕਦਾ। ਅੱਜ ਪੰਥ ਦੀ ਜੋ ਤਰਾਸਦੀ ਹਾਲਤ ਹੈ, ਉਸ ਦਾ ਇਕ ਕਾਰਨ ਇਹ ਵੀ ਹੈ ਕਿ ਪੰਥ ਨੇ ਆਪਣਾ ਨਿਆਰਾਪਨ ਤਿਆਗ ਦਿੱਤਾ ਹੈ। ਗੁਰਸਿੱਖੀ ਬਾਣੇ ਦੀ ਜਗ੍ਹਾ ਪਤਲੂਨ-ਕਮੀਜ਼ ਨੇ ਲੈ ਲਈ ਹੈ ਅਤੇ ਉੱਚ ਦੁਮਾਲੜਿਆਂ ਦੀ ਥਾਂ 'ਤੇ ਪਟਕਾ ਜਾਂ ਪਟਿਆਲਾ ਸ਼ਾਹੀ ਪੱਗ ਨੇ ਲੈ ਲਈ ਹੈ। ਬੀਬੀਆਂ ਦੀਆਂ ਦਸਤਾਰਾਂ ਦੀ ਥਾਂ 'ਤੇ ਚੁੰਨੀਆਂ ਆ ਗਈਆਂ ਸਨ ਪਰ ਹੁਣ ਤਾਂ ਚੁੰਨੀਆਂ ਵੀ ਸਿਰਾਂ 'ਤੇ ਨਹੀਂ ਰਹੀਆਂ ਅਤੇ ਸਾਡੀਆਂ ਧੀਆਂ-ਭੈਣਾਂ, ਆਨਮਤ ਬੀਬੀਆਂ ਵਾਂਗ ਨੰਗੇ ਸਿਰ ਬਾਹਰ ਫ਼ਿਰਨ ਵਿਚ ਵੀ ਸੰਕੋਚ ਨਹੀਂ ਕਰਦੀਆਂ। ਗੁਰੂ ਸਾਹਿਬ ਦਾ ਹੁਕਮ ਅਟੱਲ ਹੈ ਕਿ ਜਦੋਂ ਤੱਕ ਖ਼ਾਲਸਾ ਨਿਆਰਾ ਰਹੇਗਾ ਭਾਵ ਗੁਰੂ ਸਾਹਿਬ ਵਲੋਂ ਦ੍ਰਿੜ੍ਹਾਈ ਰਹਿਤ ਵਿਚ ਪਰਪੱਕ ਰਹੇਗਾ ਅਤੇ ਆਨਮਤੀਆਂ ਦੀ ਰੀਸ ਨਹੀਂ ਕਰੇਗਾ, ਉਦੋਂ ਤੱਕ ਗੁਰੂ ਸਾਹਿਬ ਆਪਣੀ ਪੂਰੀ ਸ਼ਕਤੀ ਦੇਣਗੇ ਪਰ ਜਦੋਂ ਇਹ ਬਿਪਰਾਂ ਅਤੇ ਆਨਮਤੀਆਂ ਦੀ ਰੀਤੀ ਅਪਨਾ ਲਵੇਗਾ, ਉਦੋਂ ਗੁਰੂ ਸਾਹਿਬ ਸਾਰਾ ਤੇਜ ਭਾਵ ਸ਼ਕਤੀ ਖਿੱਚ ਲੈਣਗੇ; ਯਥਾ ਗੁਰਵਾਕ:

**ਜਬ ਲਗ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਉਂ ਮੈਂ ਸਾਰਾ॥**

**ਜਬ ਇਹ ਗਹੈ ਬਿਪਰਨ ਕੀ ਰੀਤਿ॥ ਮੈਂ ਨਾ ਕਰਉਂ ਇਨ ਕੀ ਪਰਤੀਤਿ॥**

ਅੱਜ ਦਾ ਸਿੱਖ ਨੜੀਮਾਰਾਂ (ਤੰਬਾਕੂ ਸੇਵਨ ਵਾਲੇ), ਕੁੜੀਮਾਰਾਂ ਅਤੇ ਸਿਰਗੁੰਮਾਂ (ਕੇਸ ਕਟਾਉਣ ਵਾਲੇ) ਦੇ ਹੱਥੋਂ ਛਕਣ ਵਿਚ ਕੋਈ ਸੰਕੋਚ ਨਹੀਂ ਕਰਦਾ। ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਕਈ ਸਿੱਖ ਤਾਂ ਬਾਣਾ ਪਾ ਕੇ ਵੀ ਰੇਹੜੀਆਂ ਤੋਂ ਨੜੀਮਾਰਾਂ ਅਤੇ ਸਿਰਗੁੰਮਾਂ ਪਾਸੋਂ ਛਕਦੇ ਨਜ਼ਰ ਆਉਂਦੇ ਹਨ ਅਤੇ ਫੇਰ ਆਪਾਂ ਕਹਿੰਦੇ ਹਾਂ ਕਿ ਪੰਥ ਦੀ ਚੜ੍ਹਦੀ ਕਲਾ ਕਿਉਂ ਨਹੀਂ ਹੋ ਰਹੀ। ਚੜ੍ਹਦੀ ਕਲਾ ਕਿੱਥੋਂ ਹੋਵੇ ਜਦ ਅਸੀਂ ਗੁਰਮਤਿ ਛੱਡ ਕੇ ਮਾਇਆਵੀ ਬਿਖਿਆਮਈ ਆਨ ਰਸਾਂ ਵਿਚ ਫਸੇ ਹੋਏ ਹਾਂ।

ਸਾਇੰਸ ਅਕਸਰ ਤਨ 'ਤੇ ਖਾਣ ਦੇ ਅਸਰ ਦੀ ਗੱਲ ਕਰਦੀ ਹੈ ਪਰ ਗੁਰਮਤਿ ਮੁਤਾਬਕ ਖਾਣ ਦਾ ਅਸਰ ਤਨ 'ਤੇ ਹੀ ਨਹੀਂ ਬਲਕਿ ਮਨ 'ਤੇ ਵੀ ਹੁੰਦਾ ਹੈ। "ਜੇਹਾ ਅੰਨ, ਤੇਹਾ ਮਨ" ਦੇ ਅਖਾਣ ਮੁਤਾਬਕ ਸਾਡਾ ਮਨ, ਖਾਧੇ ਜਾਣ ਵਾਲੇ ਅੰਨ ਦਾ ਅਸਰ ਕਬੂਲਦਾ ਹੈ। ਗੁਰਬਾਣੀ ਵਿਚ ਸਪੱਸ਼ਟ ਹੈ ਕਿ ਖਾਣੇ ਦਾ ਅਸਰ ਨਾ ਕੇਵਲ ਤਨ 'ਤੇ ਹੁੰਦਾ ਹੈ ਬਲਕਿ ਮਨ 'ਤੇ ਵੀ ਹੁੰਦਾ ਹੈ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ( ॥੪॥੭॥)**
**(ਸਿਰੀਰਾਗੁ ਮ. ੧; ਅੰਕ :੧੬)**

ਉਪਰ ਦਰਜ ਗੁਰਵਾਕ ਵਿਚ ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਅਜਿਹਾ ਖਾਣਾ ਨਹੀਂ ਖਾਣਾ ਚਾਹੀਦਾ ਜਿਸ ਕਰਕੇ ਤਨ ਵਿਚ ਤਕਲੀਫ਼ ਹੋਵੇ ਅਤੇ ਮਨ ਵਿਚ ਵਿਕਾਰ ਚੱਲਣ। ਸੋ, ਇਸ ਤੋਂ ਸਿੱਧ ਹੈ ਕਿ ਅਜਿਹੇ ਖਾਣੇ ਹੁੰਦੇ ਹਨ ਜੋ ਕਿ ਮਨ ਵਿਚ ਵਿਕਾਰ ਪੈਦਾ ਕਰਦੇ ਹਨ। ਜੋ ਵੀ ਭੋਜਨ ਨਾਮ ਦੀ ਕਲਾ ਤੋਂ ਵਿਹੂਣਾ ਹੈ, ਉਹ ਭੋਜਨ ਗੁਰਮਤਿ ਅਨੁਸਾਰੀ ਨਹੀਂ ਹੈ ਅਤੇ ਗੁਰਸਿੱਖ ਨੂੰ ਅਜਿਹਾ ਭੋਜਨ ਨਹੀਂ ਛਕਣਾ ਚਾਹੀਦਾ। ਨਾਮ ਦੀ ਕਲਾ ਤੋਂ ਵਿਹੂਣਾ ਪਰਸ਼ਾਦਾ ਉਹ ਹੁੰਦਾ ਹੈ ਜੋ ਕਿ ਨਾਮ ਬਾਣੀ ਜਪਣ ਤੋਂ ਬਗ਼ੈਰ ਤਿਆਰ ਕੀਤਾ ਜਾਵੇ ਅਤੇ ਨਾਮ ਬਾਣੀ ਵਾਲਾ ਭੋਜਨ ਤਾਂ ਇਕ ਗੁਰਸਿੱਖ ਹੀ ਤਿਆਰ ਕਰ ਸਕਦਾ ਹੈ ਕਿਉਂਕਿ ਅੰਮ੍ਰਿਤ ਛਕ ਕੇ ਗੁਰਦੀਖਿਅਤ ਹੋਣ ਤੋਂ ਬਿਨਾਂ ਕੋਈ ਨਾਮ ਕਿਵੇਂ ਜਪ ਸਕਦਾ ਹੈ; ਭਾਵ ਨਹੀਂ ਜਪ ਸਕਦਾ।

ਗੁਰਬਾਣੀ ਵਿਚ ਸਾਕਤ ਅਤੇ ਮਨਮੁਖ ਨਾਲ ਦੋਸਤੀ ਕਰਨ ਤੋਂ ਅਤੇ ਉਸ ਦੀ ਸੰਗਤ ਕਰਨ ਤੋਂ ਬਹੁਤ ਵਰਜਿਆ ਗਿਆ ਹੈ ਅਤੇ ਇੱਥੋਂ ਤੱਕ ਕਿਹਾ ਗਿਆ ਹੈ ਕਿ ਮਨਮੁਖਾਂ ਨਾਲ ਦੋਸਤੀ ਕਰਨ ਵਾਲੇ ਮਨੁੱਖ ਨੂੰ ਸੁੱਖ ਦੀ ਉਮੀਦ ਨਹੀਂ ਕਰਨੀ ਚਾਹੀਦੀ। ਇਸ ਦੇ ਉਲਟ ਗੁਰਮੁਖਿ ਨਾਲ ਦੋਸਤੀ ਕਰਨ ਦੀ ਬਹੁਤ ਤਾਕੀਦ ਕੀਤੀ ਗਈ ਹੈ ਅਤੇ ਇਸ ਨੂੰ ਸਤਿਗੁਰ ਨਾਲ ਚਿਤ ਲਾਉਣ ਦਾ ਜ਼ਰੀਆ ਦੱਸਿਆ ਗਿਆ ਹੈ:

**ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥**
**ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥**
**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**
**ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥ ( ॥੬੭॥)**
**(ਸਲੋਕ ਮ. ੩, ਅੰਕ : ੧੪੨੧)**

ਅਰਥ ਵਿਚਾਰ: ਗੁਰੂ ਸਾਹਿਬ ਜੀ ਆਪਣੀ ਮੋਹਰ ਛਾਪ ਲਾ ਕੇ ਫ਼ਰਮਾਉਂਦੇ ਹਨ ਕਿ (ਸਭ ਪਾਸੇ) ਖਸਮ ਦਾ ਹੁਕਮ ਵਰਤ ਰਿਹਾ ਹੈ (ਪਰ ਤੂੰ ਹੇ ਜਗਿਆਸੂ ਸਿੱਖ) ਪੁਠੀ ਮਤਿ (ਮਤਿ ਭਵੀ) ਕਰਕੇ ਚੰਚਲ ਚਿਤ (ਚਲਚਿਤ) ਹੋਇਆ ਫਿਰ ਰਿਹਾ ਹੈਂ। ਹੇ ਮਿਤਰ, ਤੂੰ ਮਨਮੁਖ ਨਾਲ ਦੋਸਤੀ ਕਰਦਾ ਹੈਂ, ਫੇਰ ਸੁਖ ਕਿਉਂ ਮੰਗ (ਪੁੱਛ) ਰਿਹਾ ਹੈਂ, ਭਾਵ ਸੁੱਖ ਦੀ ਉਮੀਦ ਨਾ ਕਰ। ਗੁਰਮੁਖਾਂ ਨਾਲ ਦੋਸਤੀ ਕਰ ਅਤੇ (ਉਨ੍ਹਾਂ ਦੀ ਸੰਗਤ ਵਿਚ) ਸਤਿਗੁਰੂ ਨਾਲ ਚਿੱਤ ਲਾ। (ਅਖੀਰਲੀ ਪੰਕਤੀ ਵਿਚ ਗੁਰਮੁਖਾਂ ਦੀ ਸੰਗਤ ਦਾ ਸਦਕਾ, ਸਤਿਗੁਰੂ ਨਾਲ ਚਿੱਤ ਲਾਉਣ ਦਾ ਫ਼ਲ ਦੱਸਦੇ ਹੋਏ ਫ਼ਰਮਾਉਂਦੇ ਹਨ), ਇਸ ਤਰ੍ਹਾਂ ਜੰਮਣ ਮਰਣ ਦਾ ਜੋ ਮੂਲ (ਹਉਮੈ) ਹੈ, ਉਹ ਕੱਟਿਆ ਜਾਂਦਾ ਹੈ, ਅਤੇ ਫ਼ੇਰ ਸੁਖ ਹੁੰਦਾ ਹੈ, ਹੇ ਮਿੱਤਰ।

ਜਗਤ ਪਿਤਾ, ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਉਪਰ ਦਰਜ ਸਲੋਕ ਵਿਚ ਗੁਰਮਤਿ ਦੇ ਅਹਿਮ ਅਸੂਲਾਂ ਦਾ ਇੰਕਸ਼ਾਫ਼ ਕਰਦੇ ਹੋਏ ਜਗਿਆਸੂ ਸਿੱਖ ਤਾਂਈਂ ਉਪਦੇਸ਼ ਕਰਦੇ ਹਨ ਕਿ ਹੇ ਮਿੱਤਰ! ਤੂੰ ਭਵੀ ਮਤਿ ਕਰਕੇ ਚੰਚਲਚਿਤ ਹੋਇਆ ਫਿਰ ਰਿਹਾ ਹੈਂ। ਦੂਸਰੀ ਪੰਕਤੀ ਵਿਚ ਭਵੀ ਮਤਿ ਦਾ ਕਾਰਨ ਦੱਸਦੇ ਹਨ ਕਿ ਮਨਮੁਖਾਂ ਨਾਲ ਦੋਸਤੀ ਕਰਨ ਕਰਕੇ, ਉਨ੍ਹਾਂ ਨਾਲ ਵਿਹਾਰ ਕਰਨ ਕਰਕੇ, ਉਨ੍ਹਾਂ ਦੀ ਸੰਗਤ ਕਰਨ ਕਰਕੇ, ਤੇਰੀ ਮਤਿ ਭਵੀ ਹੋਈ ਹੈ, ਤੇਰਾ ਚਿਤ ਚਲਚਿਤ ਹੈ ਅਤੇ ਤੂੰ ਇਸ ਅਵਸਥਾ ਵਿਚ ਹੋਣ ਕਰਕੇ ਸੁੱਖ ਦੀ ਉਮੀਦ ਕਿਉਂ ਰੱਖਦਾ ਹੈਂ। ਤੀਸਰੀ ਪੰਕਤੀ ਵਿਚ ਸੁਖ ਉਪਜਾਉਣ ਦਾ ਅਤੇ ਜੰਮਣ ਮਰਣ ਦੇ ਮੂਲ ਭਾਵ ਹਉਮੈ ਰੋਗ ਨੂੰ ਮਿਟਾਉਣ ਦਾ ਇਕ ਬਹੁਤ ਹੀ ਸਰਲ ਤਰੀਕਾ ਦੱਸਦੇ ਹਨ ਕਿ, ਹੇ ਮਿੱਤਰ! ਗੁਰਮੁਖਾਂ ਨਾਲ ਦੋਸਤੀ ਕਰ, ਭਾਵ ਉਨ੍ਹਾਂ ਦੀ ਸੰਗਤ ਕਰ ਅਤੇ ਉਨ੍ਹਾਂ ਦੀ ਸੰਗਤ ਦਾ ਸਦਕਾ ਸਤਿਗੁਰੂ ਨਾਲ ਚਿੱਤ ਲਾ, ਭਾਵ ਸਤਿਗੁਰੂ ਦੇ ਉਪਦੇਸ਼ ਨਾਲ ਚਿੱਤ ਲਾ, ਭਾਵ ਨਾਮ ਗੁਰਬਾਣੀ ਨਾਲ ਚਿੱਤ ਲਾ।

ਗੁਰਬਾਣੀ ਦੇ ਉਪਰ ਲਿਖੇ ਗੁਰ ਫ਼ਰਮਾਨਾਂ ਦੇ ਕਾਰਨ ਹੀ ਰਹਿਤਨਾਮਿਆਂ ਵਿਚ ਅਤੇ ਖ਼ਾਲਸੇ ਦੀ ਰਹਿਤ ਵਿਚ ਸਿੱਖ ਨੂੰ ਰੋਟੀ-ਬੇਟੀ ਦੀ ਸਾਂਝ ਕਰਨ ਦਾ ਹੁਕਮ ਕੇਵਲ ਸਿੱਖ ਨਾਲ ਹੀ ਹੈ। ਜਿਨ੍ਹਾਂ ਲੋਕਾਂ ਨਾਲ ਸਾਡਾ ਵਿਹਾਰ ਹੁੰਦਾ ਹੈ, ਉਨ੍ਹਾਂ ਨਾਲ ਅਸੀਂ ਰੋਟੀ-ਬੇਟੀ ਦੀ ਸਾਂਝ ਵੀ ਕਰਦੇ ਹਾਂ। ਅਕਸਰ ਵਿਹਾਰ ਬਣਨ ਦਾ ਆਰੰਭ ਰੋਟੀ ਦੀ ਸਾਂਝ ਤੋਂ ਸ਼ੁਰੂ ਹੁੰਦਾ ਹੈ ਅਤੇ ਜਿਨ੍ਹਾਂ ਨਾਲ ਰੋਟੀ ਦੀ ਸਾਂਝ ਹੋ ਜਾਵੇ, ਉਨ੍ਹਾਂ ਨਾਲ ਬੇਟੀ ਦੀ ਸਾਂਝ ਵੀ ਓੜਕ ਜ਼ਰੂਰ ਹੋ ਜਾਂਦੀ ਹੈ। ਪੰਜਾਹ-ਸੱਠ ਸਾਲਾਂ ਤੋਂ ਪੰਥ ਵਿਚ ਗੁਰਮਤਿ ਆਹਾਰ ਬਿਬੇਕ ਗੁੰਮ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਲੋਕ ਤੰਬਾਕੂਖੋਰ ਆਨਮਤੀਆਂ ਨਾਲ ਪਰਸ਼ਾਦੇ ਦੀ ਸਾਂਝ ਕਰਨ ਲੱਗ ਪਏ, ਭਾਵ ਉਨ੍ਹਾਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਨਿਸੰਗ ਹੋ ਕੇ ਛਕਣ ਲੱਗ ਪਏ, ਜਿਸ ਦਾ ਨਤੀਜਾ ਅੱਜ ਇਹ ਨਿਕਲਿਆ ਹੈ ਕਿ ਹੁਣ ਸਾਡੀਆਂ ਧੀਆਂ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਨਾਲ ਵਿਆਹ ਕਰਾਉਣ ਲੱਗ ਪਈਆਂ ਹਨ ਅਤੇ ਸ਼ਰਮਨਾਕ ਗੱਲ ਇਹ ਹੈ ਕਿ ਇਹ ਵਿਆਹ ਅਕਸਰ ਗੁਰਦੁਆਰਿਆਂ ਵਿਚ ਅਨੰਦ ਕਾਰਜ ਦੇ ਰੂਪ ਵਿਚ ਹੋ ਰਹੇ ਹਨ। ਹੁਣ ਹਾਲਾਤ ਇਹ ਹਨ ਕਿ ਕਈ ਸਿੱਖ ਤਬਕਿਆਂ ਵਿਚ ਹਿੰਦੂਆਂ ਨਾਲ ਵਿਆਹ ਕਰਾਉਣ ਨੂੰ ਤਾਂ ਉੱਕਾ ਹੀ ਗ਼ਲਤ ਨਹੀਂ ਸਮਝਿਆ ਜਾਂਦਾ ਪਰ ਮੁਸਲਮਾਨਾਂ ਅਤੇ ਈਸਾਈਆਂ ਨਾਲ ਵਿਆਹ ਕਰਨ ਤੋਂ ਹਾਲੇ ਕੁਝ ਨਾਂਹ ਨੁੱਕਰ ਕੀਤੀ ਜਾਂਦੀ ਹੈ ਪਰ ਜਿਦਾਂ ਹੁਣ ਰੋਟੀ ਦੀ ਸਾਂਝ ਸਭ ਲੋਕਾਂ ਨਾਲ ਹੋ ਗਈ ਹੈ, ਉਹ ਦਿਨ ਵੀ ਦੂਰ ਨਹੀਂ ਜਦੋਂ ਸਿੱਖ ਸਮਾਜ ਵਿਚ ਲੜਕੀਆਂ ਦਾ ਗ਼ੈਰ-ਸਿੱਖਾਂ ਨਾਲ ਵਿਆਹ ਕਰਾਉਣ ਨੂੰ ਬਿਲਕੁਲ ਆਮ ਗੱਲ ਸਮਝਿਆ ਜਾਵੇਗਾ। ਸਿੱਖ ਪੰਥ ਦੀ ਹੋਂਦ ਸਿਰਫ਼ ਉਸ ਦੇ ਨਿਆਰੇ ਰਹਿਣ ਕਰਕੇ ਬਚੀ ਹੋਈ ਸੀ ਅਤੇ ਹੁਣ ਜਦ ਰੋਟੀ ਅਤੇ ਬੇਟੀ ਆਨਮਤੀਆਂ ਨਾਲ ਸਾਂਝੀ ਹੋਣ ਲੱਗ ਪਈ ਹੈ ਤਾਂ ਇਸ ਕਰਕੇ ਖ਼ਾਲਸਾ ਪੰਥ ਇਕ ਮਿਲਗੋਭਾ ਪੰਥ ਬਣ ਰਿਹਾ ਹੈ ਅਤੇ ਹੁਣ ਇਸ ਦੀ ਹੋਂਦ ਨੂੰ ਸਖ਼ਤ ਖ਼ਤਰਾ ਹੈ। ਪੰਥ ਨੂੰ ਖ਼ਤਰੇ ਦਾ ਸਬੂਤ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਅੱਜ ਗੁਰੂ ਨਾਨਕ ਨਾਮ ਲੇਵਾ ਲੋਕਾਂ ਵਿਚ ਖ਼ਾਲਸਾ ਸਜੇ ਹੋਏ ਮਨੁੱਖ ਪੰਜ ਜਾਂ ਦਸ ਫ਼ੀਸਦੀ ਹੀ ਹੋਣੇ ਹਨ ਜਦਕਿ ਬਾਕੀ ਦਾ ਸਾਰਾ ਸਿੱਖ ਅਖਵਾਉਂਦਾ ਸਮਾਜ ਮੋਨਿਆਂ ਅਤੇ ਗ਼ੈਰ ਅੰਮ੍ਰਿਤਧਾਰੀਆਂ ਦਾ ਹੈ।

ਉਪਰੋਕਤ ਗੁਰਬਾਣੀ ਦੇ ਮਹਾਂਵਾਕ ਨਾਲ ਇਹ ਸਿੱਧ ਹੋ ਜਾਂਦਾ ਹੈ ਕਿ ਜਦੋਂ ਤੱਕ ਅਸੀਂ ਅੰਮ੍ਰਿਤ ਛਕ ਕੇ ਪੁਰਾਣੀਆਂ ਦੋਸਤੀਆਂ, ਪੁਰਾਣੀਆਂ ਸੁਸਾਇਟੀਆਂ ਤਜ ਕੇ, ਭਗਤਾਂ ਗੁਰਮੁਖਾਂ ਦੀ ਸੰਗਤ ਵਿਚ ਜੁੜ ਕੇ ਨਾਮ ਗੁਰਬਾਣੀ ਨਾਲ ਚਿੱਤ ਨਹੀਂ ਲਾਵਾਂਗੇ ਉਦੋਂ ਤੱਕ ਨਾ ਤਾਂ ਆਵਾਗਉਣ ਦੇ ਮੂਲ ਭਾਵ ਹਉਮੈ ਦਾ ਵਿਨਾਸ਼ ਹੋਣਾ ਹੈ ਅਤੇ ਨਾ ਹੀ ਉਦੋਂ ਤੱਕ ਸਾਨੂੰ ਸੁੱਖ ਦੀ ਪ੍ਰਾਪਤੀ ਹੋਣੀ ਹੈ। ਅੱਜ ਤਕਰੀਬਨ ਸਾਰਾ ਹੀ ਪੰਥ ਇਸ ਹੁਕਮ ਵਲੋਂ ਆਕੀ ਹੋਇਆ ਫ਼ਿਰ ਰਿਹਾ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਖ਼ਾਲਸਾ ਪੰਥ ਇਕ ਮਿਲਗੋਭਾ ਪੰਥ ਬਣ ਰਿਹਾ ਹੈ।

ਅੰਮ੍ਰਿਤਧਾਰੀ ਗੁਰੂ ਕੇ ਸਿੱਖ ਅੱਜ ਨੜੀਮਾਰਾਂ, ਕੁੜੀਮਾਰਾਂ, ਸਿਰਗੁੰਮਾਂ ਅਤੇ ਨਿਗੁਰਿਆਂ ਨਾਲ ਖੁੱਲਮ-ਖੁੱਲ੍ਹਾ ਅਭੇਦ ਹੋਇ ਫਿਰ ਰਹੇ ਹਨ। ਉਹ ਜ਼ਰਾ ਵੀ ਨਹੀਂ ਸੰਗਦੇ ਜਦੋਂ ਉਹ ਤੰਬਾਕੂਖੋਰ ਨਿਗੁਰੇ ਲੋਕਾਂ ਕੋਲੋਂ ਰੇਹੜੀਆਂ ਢਾਬਿਆਂ 'ਤੇ ਬੈਠ ਕੇ ਉਨ੍ਹਾਂ ਦਾ ਪਕਾਇਆ ਹੋਇਆ ਭੋਜਨ ਛਕਦੇ ਹਨ।

ਅੰਮ੍ਰਿਤਧਾਰੀ ਗੁਰਸਿੱਖ ਅੱਜ ਆਮ ਹੀ ਮਨਮੁਖਾਂ ਵਾਂਗ ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ 'ਤੇ ਰਾਤ ਦੇਰ ਤੱਕ ਸ਼ਿਰਕਤ ਕਰਦੇ ਹਨ ਅਤੇ ਸਾਕਤਾਂ, ਸ਼ਰਾਬੀਆਂ, ਕਬਾਬੀਆਂ ਅਤੇ ਸ਼ਬਾਬ ਦੇ ਮਤਿਆਂ ਹੋਇਆਂ ਸ਼ਦਾਈਆਂ ਨਾਲ ਨੱਚਣਾ ਬੜਾ ਫ਼ਖ਼ਰ ਸਮਝਦੇ ਹਨ। ਜੇਕਰ ਕੋਈ ਭੈ-ਭਾਵਨੀ ਵਾਲਾ ਗੁਰਸਿੱਖ ਅਜਿਹਾ ਨਾ ਕਰੇ, ਭਾਵ ਸਾਕਤਾਂ, ਸ਼ਰਾਬੀਆਂ ਦੀਆਂ ਮਹਿਫ਼ਲਾਂ ਵਿਚ ਜਾਣ ਤੋਂ ਗੁਰੇਜ਼ ਕਰੇ ਤਾਂ ਉਸ ਨੂੰ ਪਿਛਾਂਹ-ਖਿੱਚੂ ਦਾ ਨਾਂਅ ਦੇ ਕੇ ਛੇੜਿਆ ਜਾਂਦਾ ਹੈ। ਜ਼ਮਾਨੇ ਦੇ ਇਸ ਪੁੱਠੇ ਗੇੜ ਨੂੰ ਦੇਖ ਕੇ ਅਸਚਰਜ ਹੁੰਦਾ ਹੈ ਕਿ ਕਲਿਜੁਗ ਦਾ ਕੈਸਾ ਨੰਗਾ ਨਾਚ ਸ਼ਰ੍ਹੇਆਮ ਹੋ ਰਿਹਾ ਹੈ।

ਗੁਰੂ ਸਾਹਿਬ ਜੀ ਦੇ ਬਚਨ ਅਟੱਲ ਹਨ ਅਤੇ ਤ੍ਰੈਕਾਲ ਸਤਿ ਹਨ। ਜਦੋਂ ਤੱਕ ਅਸੀਂ ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਾਂਗੇ, ਉਦੋਂ ਤੱਕ ਕਦੇ ਵੀ ਸਾਡਾ ਤੇਜ-ਪ੍ਰਤਾਪ ਦੁਨੀਆ ਵਿਚ ਜ਼ਾਹਰ ਨਹੀਂ ਹੋਵੇਗਾ ਅਤੇ ਅਸੀਂ ਉਦੋਂ ਤੱਕ ਖੁਆਰ ਹੀ ਹੁੰਦੇ ਰਹਾਂਗੇ। ਅੰਮ੍ਰਿਤਧਾਰੀ ਹੋਣ ਤੋਂ ਬਾਅਦ ਨਾ ਸਾਡੀ ਸਾਕਤ ਸੁਸਾਇਟੀ ਬਦਲਦੀ ਹੈ ਅਤੇ ਨਾ ਸਾਡੀਆਂ ਮਨਮੁਖੀ ਆਦਤਾਂ ਬਦਲਦੀਆਂ ਹਨ ਤਾਂ ਦੱਸੋ ਸਾਡੀ ਚੜ੍ਹਦੀ ਕਲਾ ਕਿਵੇਂ ਹੋਵੇ ? ਇਸ ਵਿਚਾਰ ਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਕਿਸੇ ਨੂੰ ਨਫ਼ਰਤ ਕਰਨੀ ਹੈ ਬਲਕਿ ਭਾਵ ਇਹ ਲੈਣਾ ਹੈ ਕਿ ਅਸੀਂ ਗੁਰ-ਹੁਕਮਾਂ ਅਨੁਸਾਰ ਕੁ-ਸੰਗਤ ਦਾ ਤਿਆਗ ਕਰਨਾ ਹੈ ਅਤੇ ਗੁਰਮੁਖਾਂ ਭਗਤਾਂ ਦੀ ਸੰਗਤ ਕਰਕੇ ਆਪਣਾ ਜੀਵਨ ਸਫ਼ਲ ਬਣਾਉਣਾ ਹੈ।

**ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥** ( ॥੪॥੬॥੩੯॥)
(**ਸਿਰੀਰਾਗੁ ਮ. ੩, ਅੰਕ : ੨੮**)

***

**ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥...॥੧॥**
(**ਸਲੋਕੁ ਮ. ੩, ਅੰਕ : ੭੮੬**)

**ਰਹਿਤਨਾਮਿਆਂ ਵਿਚ ਅਤੇ ਖ਼ਾਲਸੇ ਦੀ ਰਹਿਤ ਵਿਚ ਸਿੱਖ ਨੂੰ ਰੋਟੀ-ਬੇਟੀ ਦੀ ਸਾਂਝ ਕਰਨ ਦਾ ਹੁਕਮ ਕੇਵਲ ਸਿੱਖ ਨਾਲ ਹੀ ਹੈ। ਜਿਨ੍ਹਾਂ ਲੋਕਾਂ ਨਾਲ ਸਾਡਾ ਵਿਹਾਰ ਹੁੰਦਾ ਹੈ, ਉਨ੍ਹਾਂ ਨਾਲ ਅਸੀਂ ਰੋਟੀ-ਬੇਟੀ ਦੀ ਸਾਂਝ ਵੀ ਕਰਦੇ ਹਾਂ। ਪੰਜਾਹ-ਸੱਠ ਸਾਲਾਂ ਤੋਂ ਪੰਥ ਵਿਚ ਗੁਰਮਤਿ ਆਹਾਰ ਬਿਬੇਕ ਗੁੰਮ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਲੋਕ ਤੰਬਾਕੂਖੋਰ ਆਨਮਤੀਆਂ ਨਾਲ ਪਰਸ਼ਾਦੇ ਦੀ ਸਾਂਝ ਕਰਨ ਲੱਗ ਪਏ, ਭਾਵ ਉਨ੍ਹਾਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਨਿਸੰਗ ਹੋ ਕੇ ਛਕਣ ਲੱਗ ਪਏ, ਜਿਸ ਦਾ ਨਤੀਜਾ ਅੱਜ ਇਹ ਨਿਕਲਿਆ ਹੈ ਕਿ ਹੁਣ ਸਾਡੀਆਂ ਧੀਆਂ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਨਾਲ ਵਿਆਹ ਕਰਾਉਣ ਲੱਗ ਪਈਆਂ ਹਨ ਅਤੇ ਸ਼ਰਮਨਾਕ ਗੱਲ ਇਹ ਹੈ ਕਿ ਇਹ ਵਿਆਹ ਅਕਸਰ ਗੁਰਦੁਆਰਿਆਂ ਵਿਚ ਅਨੰਦ ਕਾਰਜ ਦੇ ਰੂਪ ਵਿਚ ਹੋ ਰਹੇ ਹਨ।**

ਉਪਰ ਦਰਜ ਪੰਕਤੀਆਂ ਵਿਚ ਹਜ਼ੂਰ ਫ਼ਰਮਾਉਂਦੇ ਹਨ ਕਿ ਜਿਸ ਜਨ ਦੇ ਅੰਦਰ ਸੱਚਾ ਗੁਰਮਤਿ ਬਿਬੇਕ ਵਿਚਾਰ ਹੋਵੇ, ਉਹ ਦੁਨੀਆ ਨਾਲ ਰਲਾਇਆ ਨਹੀਂ ਰਲਦਾ ਅਤੇ ਜਿਸ ਜੀਵ ਇਸਤ੍ਰੀ ਨੂੰ ਵਾਹਿਗੁਰੂ ਪਰਮਾਤਮਾ ਦਾ ਪਿਆਰ ਮਿਲ ਜਾਵੇ ਉਹ ਵੀ ਫ਼ੇਰ ਭਗਤੀ ਵਿਹੂਣਿਆਂ ਨਾਲ ਨਹੀਂ ਰਲਦੀ।

ਇਸੇ ਗੁਰਮਤਿ ਅਸੂਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਪਰਪੱਕ ਕੀਤਾ ਜਦੋਂ ਉਨ੍ਹਾਂ ਨੇ ਖ਼ਾਲਸੇ ਨੂੰ ਨਿਆਰੇ ਰਹਿਣ ਦਾ ਹੁਕਮ ਕੀਤਾ ਸੀ। ਜੋ ਆਦਮੀ ਆਨਮਤੀਆਂ ਵਾਂਗ ਹੀ ਖਾਂਦਾ ਹੈ, ਉਨ੍ਹਾਂ ਵਾਂਗ ਹੀ ਪਹਿਨਦਾ ਹੈ, ਉਨ੍ਹਾਂ ਵਾਂਗ ਹੀ ਮਨਮੁਖੀ ਸਾਕਤੀ ਗੱਲਾਂ ਕਰਦਾ ਹੈ, ਉਨ੍ਹਾਂ ਨਾਲ ਹੀ ਸੁਸਾਇਟੀਆਂ ਵਿਚ ਉਠਦਾ ਬੈਠਦਾ ਹੈ, ਉਨ੍ਹਾਂ ਨਾਲ ਹੀ ਦੋਸਤੀ ਕਰਦਾ ਹੈ, ਅਤੇ ਇੱਥੋਂ ਤੱਕ ਕਿ ਉਨ੍ਹਾਂ ਨਾਲ ਹੀ ਵਿਆਹ-ਸ਼ਾਦੀਆਂ ਕਰਦਾ ਹੈ, ਦੱਸੋ ਅਜਿਹਾ ਨਾਮ-ਧਰੀਕ ਸਿੱਖ ਨਿਆਰਾ ਕਿਸ ਤਰ੍ਹਾਂ ਹੋਇਆ ? ਅਜਿਹੇ ਨਾਮ-ਧਰੀਕ ਸਿੱਖ ਕੇਵਲ ਪੱਗ ਬੰਨ੍ਹਣ ਨੂੰ ਅਤੇ ਸਟੀਲ ਦਾ ਕੜਾ ਪਹਿਨਣ ਨੂੰ ਹੀ ਸਿੱਖ ਦਾ ਨਿਆਰਾਪਨ ਸਮਝਦੇ ਹਨ ਅਤੇ ਇਹ ਵੀ ਇਕ ਅਟੱਲ ਸੱਚਾਈ ਹੈ ਕਿ ਅਜਿਹੇ ਸਿੱਖਾਂ ਦੀ ਪੱਗ ਅਤੇ ਕੜਾ ਵੀ ਅਕਸਰ ਆਨਮਤੀਆਂ ਅਤੇ ਮਨਮੁਖਾਂ ਦੀ ਸੰਗਤ ਕਰਕੇ ਗ਼ਾਇਬ ਹੋ ਜਾਂਦੇ ਹਨ ਅਤੇ ਜੇਕਰ ਉਨ੍ਹਾਂ ਦੇ ਨਾ ਗ਼ਾਇਬ ਹੋਣ ਤਾਂ ਉਨ੍ਹਾਂ ਦੇ ਬੱਚਿਆਂ ਦੇ ਤਾਂ ਜ਼ਰੂਰ ਹੀ ਦਸਤਾਰ ਦੀ ਥਾਂ 'ਤੇ ਟੋਪੀ ਲੈ ਲੈਂਦੀ ਹੈ ਅਤੇ ਉਨ੍ਹਾਂ ਦੀਆਂ ਧੀਆਂ ਦੇ ਹੱਥਾਂ ਵਿਚ ਚੂੜੀਆਂ ਹੀ ਰਹਿ ਜਾਂਦੀਆਂ ਹਨ ਅਤੇ ਸਾਬਤ ਕੇਸ ਵੀ ਨਹੀਂ ਰਹਿੰਦੇ।

**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥** ( ॥੫॥੧੪॥੪੪॥)
(**ਬਿਲਾਵਲੁ ਮ. ੫, ਅੰਕ : ੮੧੧**)

ਇਹ ਪੰਕਤੀਆਂ ਗੁਰਮਤਿ ਆਹਾਰ ਬਿਬੇਕ ਬਾਰੇ ਬਹੁਤ ਠੋਸ ਸਬੂਤ ਹਨ। ਇਹ ਪੰਕਤੀਆਂ ਸਾਫ਼ ਹੁਕਮ ਕਰਦੀਆਂ ਹਨ ਕਿ ਸੰਤਨ ਭਾਵ ਗੁਰਸਿੱਖਾਂ ਦਾ ਦਾਨਾ ਰੂਖਾ ਭਾਵ ਸਾਦਾ ਭੋਜਨ ਵੀ ਸਰਬ ਨਿਧਾਨ ਹੈ ਜਦਕਿ ਸਾਕਤ ਦੇ ਗ੍ਰਿਹਿ ਦਾ ਛੱਤੀਹ ਪ੍ਰਕਾਰੀ ਭੋਜਨ ਜ਼ਹਿਰ ਦੇ ਸਮਾਨ ਹੈ। ਕੋਈ ਵੀ ਸ਼ਰਧਾਵਾਨ ਗੁਰਸਿੱਖ ਇਨ੍ਹਾਂ ਪੰਕਤੀਆਂ ਨੂੰ ਪੜ੍ਹ ਕੇ ਅਤੇ ਸਮਝ ਕੇ ਕਦੇ ਵੀ ਸਾਕਤਾਂ ਅਤੇ ਮਨਮੁਖਾਂ ਦੇ ਹੱਥ ਦਾ ਤਿਆਰ ਕੀਤਾ ਹੋਇਆ ਭੋਜਨ ਨਹੀਂ ਛਕ ਸਕਦਾ।

ਇੱਥੇ ਇਕ ਗੱਲ ਸਪੱਸ਼ਟ ਕਰਨੀ ਬਹੁਤ ਜ਼ਰੂਰੀ ਹੈ ਕਿ ਗੁਰਸਿੱਖਾਂ ਵਲੋਂ ਗੁਰਸਿੱਖਾਂ ਪਾਸੋਂ ਛਕਣ ਦੀ ਰਹਿਤ ਦਾ ਇਹ ਭਾਵ ਨਹੀਂ ਹੈ ਕਿ ਗੁਰਸਿੱਖ ਬਾਕੀ ਲੋਕਾਂ ਨੂੰ ਘਟੀਆ ਸਮਝਦੇ ਹਨ। ਗੁਰਸਿੱਖ ਤਾਂ ਸਦਾ ਹੀ ਸਗਲ ਕੇ ਚਰਨਾਂ ਦੀ ਰੇਣੁ ਬਣ ਕੇ ਰਹਿੰਦੇ ਹਨ। ਜਦੋਂ ਉਹ ਖਾਣ ਵੇਲੇ ਗੁਰਸਿੱਖਾਂ ਦਾ ਭੋਜਨ ਹੀ ਛਕਣ 'ਤੇ ਜ਼ੋਰ ਦਿੰਦੇ ਹਨ ਤਾਂ ਇਸ ਦਾ ਕਾਰਨ ਇਹ ਨਹੀਂ ਹੁੰਦਾ ਕਿ ਉਹ ਬਾਕੀਆਂ

ਨੂੰ ਨਫ਼ਰਤ ਕਰਦੇ ਹਨ ਜਾਂ ਘਟੀਆ ਸਮਝਦੇ ਹਨ ਬਲਕਿ ਉਹ ਤਾਂ ਗੁਰੂ ਜੀ ਦੇ ਹੁਕਮੀ ਬੰਦੇ ਬਣਦੇ ਹੋਏ ਗੁਰੂ ਕੇ ਹੁਕਮ ਕਮਾਉਂਦੇ ਹਨ। ਹੋਰ ਉਨ੍ਹਾਂ ਦਾ ਕੋਈ ਮਨੋਰਥ ਨਹੀਂ ਹੁੰਦਾ ਸਿਵਾਏ ਗੁਰ-ਹੁਕਮਾਂ ਦੀ ਤਾਮੀਲ ਕਰਨੀ। ਹਰ ਪ੍ਰਾਣੀ ਮਾਤਰ ਵਿਚ ਵਾਹਿਗੁਰੂ ਦੀ ਜੋਤਿ ਦੇਖਣੀ ਉਹ ਆਪਣਾ ਕਰਤੱਵ ਸਮਝਦੇ ਹਨ ਅਤੇ ਇਸੇ ਕਰਕੇ ਹੀ ਉਹ ਸਭ ਨਾਲ ਪਿਆਰ ਅਤੇ ਸਤਿਕਾਰ ਕਰਦੇ ਹਨ।

## ਗੁਰਮਤਿ ਆਹਾਰ ਬਿਬੇਕ ਅਤੇ ਬ੍ਰਾਹਮਣਵਾਦ

ਅਕਸਰ ਗੁਰਮਤਿ ਅਸੂਲਾਂ ਤੋਂ ਅਗਿਆਨੀ ਲੋਕ ਗੁਰਸਿੱਖਾਂ ਨੂੰ ਗੁਰਮਤਿ ਆਹਾਰ ਬਿਬੇਕ ਨਿਭਾਉਂਦੇ ਹੋਏ ਦੇਖ ਕੇ ਟਿੱਪਣੀ ਕਰਦੇ ਹਨ ਕਿ ਇਹ ਲੋਕ ਤਾਂ ਬ੍ਰਾਹਮਣਵਾਦ ਕਰ ਰਹੇ ਹਨ। ਉਹ ਸਮਝਦੇ ਹਨ ਕਿ ਨੜੀਮਾਰਾਂ (ਤੰਬਾਕੂਖੋਰਾਂ), ਸਿਰਗੁੰਮਾਂ (ਮੋਨਿਆਂ) ਅਤੇ ਸ਼ਰਾਬੀ-ਕਬਾਬੀ ਮਨਮੁਖਾਂ ਤੋਂ ਨਾ ਛਕਣਾ ਬ੍ਰਾਹਮਣਵਾਦ ਹੈ। ਉਨ੍ਹਾਂ ਦੇ ਨਜ਼ਦੀਕ ਹਰ ਪ੍ਰਾਣੀ ਮਾਤਰ ਤੋਂ ਛਕਣਾ ਅਤੇ ਉਨ੍ਹਾਂ ਨਾਲ ਵਿਹਾਰ ਵਰਤਾਓ ਰੱਖਣਾ ਬਹੁਤ ਗੁਰਮਤਿ ਵਾਲਾ ਕੰਮ ਹੈ। ਜਦੋਂ ਉਨ੍ਹਾਂ ਨੂੰ ਪੁੱਛੀਦਾ ਹੈ ਕਿ ਦੱਸੋ ਗੁਰਸਿੱਖਾਂ ਵਲੋਂ ਰੋਟੀ-ਬੇਟੀ ਦੀ ਸਾਂਝ ਰੱਖਣ ਦਾ ਗੁਰ ਹੁਕਮ ਕਮਾਉਣਾ ਬ੍ਰਾਹਮਣਵਾਦ ਕਿਵੇਂ ਹੋਇਆ ਤਾਂ ਉਹ ਕਹਿੰਦੇ ਹਨ ਕਿ ਬ੍ਰਾਹਮਣ ਵੀ ਛੂਆ-ਛਾਤ ਕਰਦੇ ਸਨ ਅਤੇ ਤੁਸੀਂ ਵੀ ਛੂਆ-ਛਾਤ ਕਰਦੇ ਹੋ। ਸੋ, ਇਸ ਕਰਕੇ ਤੁਹਾਡਾ ਗੁਰਮਤਿ ਆਹਾਰ ਬਿਬੇਕ ਰੱਖਣਾ ਬ੍ਰਾਹਮਣਵਾਦ ਹੈ।

ਇਹ ਸੱਚ ਹੈ ਕਿ ਬ੍ਰਾਹਮਣ ਲੋਕ ਛੂਆ-ਛਾਤ ਕਰਦੇ ਹਨ ਅਤੇ ਅਖੌਤੀ ਛੋਟੀਆਂ ਜਾਤੀ ਵਾਲਿਆਂ ਕੋਲੋਂ ਨਹੀਂ ਖਾਂਦੇ ਅਤੇ ਰਹਿਤਧਾਰੀ ਗੁਰਸਿੱਖ ਵੀ ਕੇਵਲ ਤਿਆਰ-ਬਰ-ਤਿਆਰ ਗੁਰਸਿੱਖਾਂ ਨਾਲ ਖਾਣ-ਪੀਣ ਵਿਚ ਅਭੇਦ ਹੁੰਦੇ ਹਨ ਪਰ ਇਸ ਦੇ ਬਾਵਜੂਦ ਬ੍ਰਾਹਮਣਾਂ ਅਤੇ ਗੁਰਸਿੱਖਾਂ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਬ੍ਰਾਹਮਣ ਜਦੋਂ ਕਿਸੇ ਨਾਲ ਖਾਣ-ਪੀਣ ਵਿਚ ਅਭੇਦਤਾ ਤੋਂ ਇਨਕਾਰੀ ਹੁੰਦਾ ਹੈ ਤਾਂ ਉਹ ਉਸ ਵਿਅਕਤੀ ਦੇ ਕਰਮਾਂ ਨੂੰ ਦੇਖ ਕੇ ਅਜਿਹਾ ਨਹੀਂ ਕਰਦਾ ਬਲਕਿ ਜਨਮ ਦੇ ਆਧਾਰ ’ਤੇ ਅਜਿਹਾ ਵਿਤਕਰਾ ਕਰਦਾ ਹੈ। ਜੇਕਰ ਕੋਈ ਬ੍ਰਾਹਮਣ ਦੇ ਘਰ ਪੈਦਾ ਹੋਇਆ ਹੋਵੇ ਤਾਂ ਭਾਵੇਂ ਅਜਿਹਾ ਵਿਅਕਤੀ ਨੀਚ ਕਰਮਾਂ ਦਾ ਕਰਨਹਾਰਾ ਹੋਵੇ, ਫੇਰ ਵੀ ਬ੍ਰਾਹਮਣ ਉਸ ਨੂੰ ਸ੍ਰੇਸ਼ਟ ਮੰਨਦੇ ਹੋਏ ਉਸ ਨਾਲ ਰੋਟੀ-ਬੇਟੀ ਦੀ ਸਾਂਝ ਜਾਰੀ ਰੱਖਦੇ ਹਨ ਅਤੇ ਦੂਜੇ ਪਾਸੇ ਜੇਕਰ ਅਖੌਤੀ ਨੀਵੀਂ ਜਾਤੀ ਦਾ ਕੋਈ ਮਨੁੱਖ, ਗੁਣਾਂ ਦਾ ਖ਼ਜ਼ਾਨਾ ਵੀ ਹੋਵੇ ਤਾਂ ਬ੍ਰਾਹਮਣ ਉਸ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਦੇ ਪਰ ਪਖੰਡ ਵਾਲੀ ਗੱਲ ਹੈ ਕਿ ਉਸ ਦਾ ਦਿੱਤਾ ਦਾਨ ਤਾਂ ਮਨਜ਼ੂਰ ਕਰ ਲੈਣਗੇ ਪਰ ਉਸ ਦਾ ਬਣਿਆ ਖਾਣਾ ਨਹੀਂ ਖਾਣਗੇ। ਇਹ ਹੈ ਬ੍ਰਾਹਮਣਾਂ ਦਾ ਆਹਾਰੀ ਸੰਜਮ।

ਦੂਜੇ ਪਾਸੇ ਗੁਰਸਿੱਖ ਵੀ ਖਾਣ-ਪੀਣ ਲੱਗੇ ਇਹ ਦੇਖਦੇ ਪਰਖਦੇ ਹਨ ਕਿ ਭੋਜਨ ਤਿਆਰ ਕਰਨ ਵਾਲਾ ਵਿਅਕਤੀ ਗੁਰਮਤਿ ਗੁਣਾਂ ਦਾ ਧਾਰਨੀ ਹੈ ਕਿ ਨਹੀਂ ਅਤੇ ਉਹ ਗੁਰੂ ਕਾ ਸਿੱਖ ਬਣ ਕੇ ਗੁਰਮਤਿ ਦੇ ਮੁੱਢਲੇ ਅਸੂਲਾਂ ਅਨੁਸਾਰ ਅਮਲੀ ਜੀਵਨ ਜੀਅ ਰਿਹਾ ਹੈ ਕਿ ਨਹੀਂ। ਉਹ ਦੇਖਦੇ ਹਨ ਕਿ ਕਿਤੇ ਇਹ ਵਿਅਕਤੀ ਠੱਗੀ-ਠੋਰੀ ਕਰਕੇ ਰੋਜ਼ੀ ਤੇ ਨਹੀਂ ਕਮਾ ਰਿਹਾ ਅਤੇ ਇਹ ਵਿਅਕਤੀ ਦਸਵੰਧ ਕੱਢ ਰਿਹਾ ਹੈ ਕਿ ਨਹੀਂ। ਸਭ ਤੋਂ ਜ਼ਰੂਰੀ ਉਹ ਇਹ ਦੇਖਦੇ ਹਨ ਕਿ ਇਹ ਵਿਅਕਤੀ ਗੁਰਮਤਿ ਭਗਤੀ ਕਰਨਹਾਰਾ ਹੈ ਕਿ ਨਹੀਂ, ਭਾਵ ਨਾਮ ਗੁਰਬਾਣੀ ਦਾ ਸੇਵਨ ਕਰਦਾ ਹੈ ਕਿ ਨਹੀਂ। ਉਹ ਇਹ ਨਹੀਂ ਦੇਖਣਗੇ ਕਿ ਇਹ ਵਿਅਕਤੀ ਕਿਸ ਅਖੌਤੀ ਜਾਤੀ ਜਾਂ ਗੋਤ ਦਾ ਹੈ ਬਲਕਿ ਗੁਰਸਿੱਖ ਉਸ ਵਿਅਕਤੀ ਦੇ ਕਰਮਾਂ ਅਨੁਸਾਰ ਉਸ ਵਿਅਕਤੀ ਨਾਲ ਸਾਂਝ ਅਤੇ ਨੇੜਤਾ ਰੱਖਦੇ ਹਨ। ਸੰਖੇਪ ਵਿਚ ਬ੍ਰਾਹਮਣਾਂ ਦੇ ਅਤੇ ਗੁਰਸਿੱਖਾਂ ਦਾ ਖਾਣ-ਪੀਣ ਦੇ ਮਾਮਲੇ ਵਿਚ ਵਿਤਕਰਾ ਕਰਨ ਦਾ ਫ਼ਰਕ ਇਹ ਹੈ ਕਿ ਬ੍ਰਾਹਮਣ ਜਨਮ ਦੇ ਆਧਾਰ ’ਤੇ ਕਿਸੇ ਨੂੰ ਪਵਿੱਤਰ ਮੰਨਦੇ ਹੋਏ ਉਸ ਨਾਲ ਖਾਣ-ਪੀਣ ਕਰਕੇ ਅਭੇਦ ਹੁੰਦੇ ਹਨ ਜਦਕਿ ਗੁਰਸਿੱਖ ਕਿਸੇ ਵਿਅਕਤੀ ਨਾਲ ਅਭੇਦ ਹੋਣ ਲਈ ਉਸ ਦੇ ਕਰਮਾਂ ਨੂੰ ਦੇਖਦੇ ਹਨ ਕਿ ਉਹ ਗੁਰਮਤਿ ਅਨੁਸਾਰੀ ਹਨ ਕਿ ਨਹੀਂ।

ਬ੍ਰਾਹਮਣਾਂ ਨੂੰ ਕੋਈ ਫ਼ਰਕ ਨਹੀਂ ਕਿ ਦੂਜਾ ਬ੍ਰਾਹਮਣ ਤੰਬਾਕੂ ਜਾਂ ਸ਼ਰਾਬ ਪੀਂਦਾ ਹੈ ਕਿ ਨਹੀਂ ਅਤੇ ਜੇਕਰ ਉਹ ਬ੍ਰਾਹਮਣ ਹੈ ਤਾਂ ਉਸ ਨੂੰ ਉਹ ਸ਼ੂਦਰ ਨਾਲੋਂ ਉੱਚਾ ਮੰਨਦੇ ਹਨ ਜਦਕਿ ਗੁਰਸਿੱਖਾਂ ਨੂੰ ਇਹ ਫ਼ਰਕ ਨਹੀਂ ਕਿ ਕੋਈ ਵਿਅਕਤੀ ਕਿਸ ਕੁਲ, ਜਾਤੀ ਜਾਂ ਗੋਤ੍ਰ ਵਿਚ ਪੈਦਾ ਹੋਇਆ ਸੀ; ਜੇਕਰ ਉਹ ਵਿਅਕਤੀ ਹੁਣ ਅੰਮ੍ਰਿਤ ਛਕ ਕੇ ਭਾਵ ਖੰਡੇ ਦੀ ਪਾਹੁਲ ਲੈ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰ ਰਿਹਾ ਹੈ ਤਾਂ ਗੁਰਸਿੱਖ ਨਿਸੰਗ ਹੋ ਕੇ ਅਜਿਹੇ ਵਿਅਕਤੀ ਨਾਲ ਰੋਟੀ ਅਤੇ ਬੇਟੀ ਦੀ ਸਾਂਝ ਕਰਦੇ ਹਨ। ਇਕ ਗੱਲ ਹੋਰ ਸਪੱਸ਼ਟ ਕਰ ਦੇਈਏ ਕਿ ਨਾ-ਸਿਰਫ਼ ਅਖੰਡ ਕੀਰਤਨੀ ਜਥੇ ਦੀ ਮਰਿਯਾਦਾ, ਸਗੋਂ ਪੰਥ ਦੀ ਮੁੱਢਲੀ ਰਹਿਤ ਮਰਿਯਾਦਾ, ਜੋ ਕਿ ਸੰਨ ੧੬੯੯ ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਦਸਮ ਪਿਤਾ ਨੇ ਸਾਨੂੰ ਦਿੱਤੀ ਸੀ, ਉਸ ਅਨੁਸਾਰ ਹਰੇਕ ਅੰਮ੍ਰਿਤਧਾਰੀ ਸਿੱਖ ਰੋਟੀ-ਬੇਟੀ ਦੀ ਸਾਂਝ ਕੇਵਲ ਅੰਮ੍ਰਿਤਧਾਰੀ ਰਹਿਤਵਾਨ ਸਿੱਖ ਨਾਲ ਹੀ ਰੱਖ ਸਕਦਾ ਹੈ।

ਜੇਕਰ ਕਿਸੇ ਸ਼ੂਦਰ ਜਾਤੀ ਨਾਲ ਸਬੰਧਤ ਵਿਅਕਤੀ ਦਾ ਦਿਲ ਕਰੇ ਕਿ ਉਹ ਬ੍ਰਾਹਮਣ ਬਣੇ ਤਾਂ ਕੋਈ ਤਰੀਕਾ ਨਹੀਂ ਹੈ, ਜਿਸ ਨਾਲ ਉਹ ਬ੍ਰਾਹਮਣ ਬਣ ਸਕੇ ਅਤੇ ਭਾਵੇਂ ਉਹ ਚਾਰੇ ਵੇਦਾਂ ਦਾ ਗਿਆਤਾ ਅਤੇ ਕੰਠਾਗਰੀ ਹੋ ਜਾਵੇ ਫੇਰ ਵੀ ਉਹ ਬ੍ਰਾਹਮਣ ਨਹੀਂ ਬਣ ਸਕਦਾ ਬਲਕਿ ਸ਼ੂਦਰ ਹੀ ਰਹੇਗਾ। ਦੂਜੇ ਪਾਸੇ ਗੁਰੂ ਜੀ ਦੇ ਦੁਆਰ ਸਭ ਜਾਤੀਆਂ, ਵਰਣਾਂ, ਨਸਲਾਂ ਅਤੇ ਮਜ਼੍ਹਬਾਂ ਵਾਸਤੇ ਖੁੱਲੇ ਹਨ। ਕੋਈ ਵੀ ਪ੍ਰਾਣੀ ਮਾਤਰ ਜੇਕਰ ਗੁਰਮਤਿ ਧਾਰਨ ਕਰਨ ਦਾ ਬਚਨ ਦੇਵੇ ਤਾਂ ਉਹ ਖੰਡੇ ਦੀ ਪਾਹੁਲ ਲੈ ਕੇ ਗੁਰਸਿੱਖ ਬਣ ਸਕਦਾ ਹੈ ਅਤੇ ਗੁਰਸਿੱਖ ਬਣ ਕੇ ਉਹ ਕੋਈ ਵੀ ਗੁਰਸਿੱਖਾਂ ਵਾਲਾ ਕੰਮ ਕਰ ਸਕਦਾ ਹੈ ਅਤੇ ਉਸ ਦੀ ਪਿਛਲੀ ਜਾਤੀ, ਕੁਲ ਜਾਂ ਵਰਣ ਦਾ ਕੋਈ ਫ਼ਰਕ ਨਹੀਂ ਪੈਂਦਾ। ਉਹ ਪੂਰਾ ਬਰਾਬਰ ਦਾ ਗੁਰਸਿੱਖ ਬਣ ਸਕਦਾ ਹੈ।

### ਮਲਕ ਭਾਗੋ ਅਤੇ ਭਾਈ ਲਾਲੋ ਵਾਲੀ ਸਾਖੀ ਦੀ ਸਾਖੀ ਤੋਂ ਸਿਖਿਆ

ਇਹ ਕਮਾਲ ਦੀ ਸਾਖੀ ਹੈ ਜਿਸ ਤੋਂ ਗੁਰਮਤਿ ਦੇ ਕਈ ਅਹਿਮ ਅਸੂਲਾਂ ਦਾ ਪ੍ਰਗਟਾਵਾ ਹੁੰਦਾ ਹੈ। ਮਲਕ ਭਾਗੋ ਏਮਨਾਬਾਦ ਸ਼ਹਿਰ ਦੇ ਰਾਜੇ ਦਾ ਖਤਰੀ ਜਾਤਿ ਦਾ ਮੰਤਰੀ ਸੀ ਜਦਕਿ ਭਾਈ ਲਾਲੋ ਉਸੇ ਸ਼ਹਿਰ ਵਿਚ ਰਹਿਣ ਵਾਲਾ ਇਕ ਗ਼ਰੀਬ ਪਰ ਈਮਾਨਦਾਰ ਮਿਹਨਤਕਸ਼ ਗੁਰਸਿਖ ਸੀ ਜਿਸ ਪਾਸ ਜਗਤਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਠਹਿਰੇ ਹੋਏ ਸਨ। ਮਲਕ ਭਾਗੋ ਨੇ ਬ੍ਰਹਮਭੋਜ ਕਰਵਾਇਆ ਅਤੇ ਇਸ ਅਧੀਨ ਸਾਰੇ ਸ਼ਹਿਰ ਦੇ ਲੋਕਾ ਨੂੰ ਖਾਣਾ ਖਾਣ ਦਾ ਸਦਾ ਦਿਤਾ। ਗੁਰੂ ਜੀ ਨੂੰ ਵੀ ਮਲਕ ਭਾਗੋ ਦਾ ਸਨੇਹਾ ਮਿਲਿਆ ਪਰ ਗੁਰੂ ਜੀ ਇਸ ਬ੍ਰਹਮਭੋਜ ਦੇ ਨਾ ਗਏ। ਮਲਕ ਭਾਗੋ ਨੂੰ ਪਤਾ ਲਗਿਆ

ਤਾਂ ਉਹ ਬਹੁਤ ਗ਼ੁਸੇ ਵਿਚ ਆਇਆ ਅਤੇ ਗੁਰੂ ਜੀ ਨੂੰ ਘਰ ਬੁਲਵਾ ਕੇ ਉਸਦਾ ਭੋਜਨ ਨਾ ਛਕਣ ਦਾ ਕਾਰਨ ਪੁਛਿਆ। ਗੁਰੂ ਜੀ ਨੇ ਕਿਹਾ ਕਿ ਉਸਦੇ ਬਹੁਤ ਜ਼ੋਰ ਦੇਣ ਤੇ ਦਸਿਆ ਕਿ ਉਸਦਾ ਭੋਜਨ ਹਕ ਹਲਾਲ ਦਾ ਨਹੀਂ ਹੈ ਅਤੇ ਪਾਪ ਕਮਾਈ ਵਾਲਾ ਹੈ। ਇਹ ਸੁਣਕੇ ਮਲਕ ਭਾਗੋ ਅੱਗ ਬਬੂਲਾ ਹੋ ਗਿਆ ਅਤੇ ਬਹਿਸ ਕਰਨ ਲਗਿਆ। ਗੁਰੂ ਜੀ ਨੇ ਉਸਨੂੰ ਭੋਜਨ ਲਿਆਉਣ ਵਾਸਤੇ ਕਿਹਾ ਅਤੇ ਨਾਲ ਹੀ ਭਾਈ ਲਾਲੋ ਨੂੰ ਵੀ ਕੁਝ ਲਿਆਉਣ ਲਈ ਕਿਹਾ। ਭਾਈ ਲਾਲੋ ਛੇਤੀਂ ਨਾਲ ਜਾ ਕੇ ਕੋਧ੍ਰੇ ਦੀ ਰੋਟੀ ਲੈ ਆਇਆ ਅਤੇ ਮਲਕ ਭਾਗੋ ਦਾ ਵੀ ਛਤੀਹ ਪ੍ਰਕਾਰੀ ਭੋਜਨ ਆ ਗਿਆ। ਗੁਰੂ ਜੀ ਨੇ ਸਹਿਜ ਹੀ ਇਕ ਹਥ ਵਿਚ ਮਲਕ ਭਾਗੋ ਦੀ ਰੋਟੀ ਅਤੇ ਦੂਜੇ ਹਥ ਵਿਚ ਭਾਈ ਲਾਲੋ ਦੀ ਰੋਟੀ ਨੂੰ ਫੜ ਕੇ ਜਦੋਂ ਘੁਟਿਆ ਤਾਂ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਦੀ ਤਤੀਰੀ ਨਿਕਲ ਤੁਰੀ ਅਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁਧ ਦੀ ਧਾਰਾ ਵਹਿ ਤਰੀ। ਇਹ ਕਉਤਕ ਉਥੇ ਹਾਜ਼ਰ ਬੇਅੰਤ ਸ਼ਹਿਰ ਵਾਸੀਆਂ ਨੇ ਅਖੀਂ ਦੇਖਿਆ ਅਤੇ ਦੇਖ ਕੇ ਹੈਰਾਨ ਹੋ ਗਏ।

ਦੇਖਣ ਨੂੰ ਗੁਰਸਿਖ ਅਤੇ ਮਨਮੁਖ ਦੀ ਰੋਟੀ ਵਿਚ ਕੋਈ ਫਰਕ ਨਹੀਂ ਦਿਸਦਾ ਅਤੇ ਅਜ ਸਾਈਂਸ ਦੀ ਤਕੜੀ ਤੋਂ ਤਕੜੀ ਮਾਈਕ੍ਰਸਕੋਪ ਲੈ ਕੇ, ਉਸ ਵਿਚ ਇਕ ਗੁਰਮੁਖ ਅਤੇ ਇਕ ਮਨਮੁਖ ਦੀ ਰੋਟੀ ਰੱਖ ਕੇ ਜੇਕਰ ਪਰਖੀ ਜਾਵੇ ਤਾਂ ਦੋਹਾਂ ਵਿਚ ਕੋਈ ਫਰਕ ਨਹੀਂ ਦਿਸੇਗਾ। ਦੋਹਾਂ ਦੀ ਬਣਤਰ ਇਕੋ ਜੇਹੀ ਹੀ ਸਾਬਤ ਹੋਵੇਗੀ ਪਰ ਗੁਰਮਤਿ ਦਾ ਇਹ ਅਸੂਲ ਹੈ ਕਿ ਰੋਟੀ ਵਿਚ, ਰੋਟੀ ਬਨਾਉਣ ਵਾਲੇ ਦੇ ਅਤੇ ਰੋਟੀ ਕੈਸੇ ਧਨ ਨਾਲ ਖਰੀਦੀ ਗਈ ਹੈ ਦਾ ਅਸਰ ਹੁੰਦਾ ਹੈ। ਮਲਕ ਭਾਗੋ ਦੀ ਰੋਟੀ ਵਿਚ ਉਸ ਵਲੋਂ ਹੋਰਨਾਂ ਦੇ ਹੱਕ ਮਾਰ ਕੇ ਇਕੱਠੇ ਕੀਤੇ ਧਨ ਨਾਲ ਬਣੇ ਭੋਜਨ ਵਿਚ ਜ਼ੁਲਮ ਦੇ ਮਾੜੇ ਅਸਰ ਸ਼ਾਮਲ ਸਨ ਅਤੇ ਭਾਈ ਲਾਲੋ ਦੀ ਰੋਟੀ ਵਿਚ ਉਸਦੇ ਸ਼ੁਭ ਕਰਮਾਂ ਦਾ ਅਸਰ ਸ਼ਾਮਲ ਸੀ। ਇਸ ਤੋ ਸਾਬਤ ਹੈ ਕਿ ਰੋਟੀ ਵਿਚ ਜ਼ਰੂਰ ਹੀ ਭੋਜਨ ਤਿਆਰ ਕਰਨਵਾਲੇ ਵਿਅਕਤੀ ਅਤੇ ਉਸਦੇ ਧਨ ਦਾ ਅਸਰ ਹੁੰਦਾ ਹੈ ਵਰਨਾ ਗੁਰੂ ਜੀ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਨਾ ਕਢਦੇ।

ਇਹ ਸਾਖੀ ਗੁਰਮਤਿ ਆਹਾਰ ਬਿਬੇਕ ਦੇ ਗੁਰਮਤਿ ਅਸੂਲ ਨੂੰ ਦ੍ਰਿੜ ਕਰਾਉਣ ਵਾਲੀ ਸਭ ਤੋਂ ਮਹੱਤਵਪੂਰਨ ਸਾਖੀ ਹੈ। ਜੇਕਰ ਕੋਈ ਗੁਰਸਿਖ ਇਹ ਸਾਖੀ ਬਾਰੇ ਜਾਣਦਾ ਹੋਇਆ ਵੀ ਨਿਸੰਗ ਹੋ ਕੇ ਹਰ ਵਿਅਕਤੀ ਵਿਸ਼ੇਸ਼ ਤੋਂ ਛਕੀ ਜਾਂਦਾ ਹੈ ਤਾਂ ਫੇਰ ਇਹੋ ਹੀ ਸਿੱਟਾ ਨਿਕਲਦਾ ਹੈ ਕਿ ਜਾਂ ਤਾਂ ਅਜਿਹੇ ਗੁਰਸਿਖ ਨੂੰ ਇਸ ਸਾਖੀ ਦੀ ਸਮਝ ਨਹੀਂ ਆਈ ਜਾਂ ਫੇਰ ਉਸ ਵਿਚ ਸ਼ਰਧਾ ਦੀ ਕਮੀ ਹੈ ਨਹੀਂ ਤਾਂ ਭੈ ਭਾਵਨੀ ਵਾਲਾ ਗੁਰਸਿਖ ਇਹ ਸਾਖੀ ਪੜ ਕੇ ਜ਼ਰੂਰ ਹੀ ਆਪਣੇ ਖਾਣ ਪੀਣ ਵਲ ਧਿਆਨ ਦੇਵੇਗਾ ਅਤੇ ਤਿਆਰ ਬਰ ਤਿਆਰ ਗੁਰਸਿਖਾਂ ਦੇ ਹੱਥ ਦਾ ਹੀ ਪਰਸ਼ਾਦਾ ਛਕੇਗਾ।

## ਗੁਰੂ ਸਾਹਿਬ ਉਦਾਸੀਆਂ ਵੇਲੇ ਬਿਬੇਕ ਦਾ ਭੋਜਨ ਕਿਵੇਂ ਛਕਦੇ ਸਨ

ਆਮ ਹੀ ਗੁਰਮਤਿ ਆਹਾਰ ਬਿਬੇਕ ਦੇ ਵਿਰੋਧੀ ਲੋਕ ਗੁਰਸਿਖਾਂ ਤਾਂਈਂ ਇਹ ਸਵਾਲ ਕਰਦੇ ਹਨ ਕਿ ਜਦੋਂ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਪਰ ਗਏ ਸਨ ਤਾਂ ਉਦੋਂ ਉਹ ਅਤੇ ਭਾਈ ਮਰਦਾਨਾ ਜੀ ਆਨਮਤੀਆਂ ਦਾ ਤਿਆਰ ਕੀਤਾ ਹੋਇਆ ਭੋਜਨ ਕਿਵੇਂ ਨਾ ਛਕਦੇ ਹੋਣਗੇ। ਇਸ ਬਾਰੇ ਸੰਖੇਪ ਵਿਚਾਰ ਇਸ ਪ੍ਰਕਾਰ ਹੈ ਕਿ ਪੁਰਾਤਨ ਜਨਮ ਸਾਖੀਆਂ ਤੋਂ ਇਹ ਅਗਵਾਈ ਮਿਲਦੀ ਹੈ ਕਿ ਭਾਈ ਮਰਦਾਨਾ ਜੀ ਅਕਸਰ ਭੁੱਖ ਨਾਲ ਵਿਆਕੁਲ ਹੋ ਜਾਂਦੇ ਸਨ ਪਰ ਗੁਰੂ ਜੀ ਬਹੁਤ ਘਟ ਹੀ ਛਕਿਆ ਕਰਦੇ ਸਨ। ਅਕਸਰ ਗੁਰੂ ਜੀ ਭਾਈ ਮਰਦਾਨੇ ਜੀ ਨੂੰ ਜੰਗਲੀ ਫਲ ਆਦਿਕ ਛਕਾ ਕੇ ਤ੍ਰਿਪਤ ਕਰ ਦਿੰਦੇ ਸਨ।

ਇਸ ਤੋਂ ਇਲਾਵਾ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਜੀ ਨੇ ਆਪਣੀਆਂ ਉਦਾਸੀਆਂ ਵਿਚ ਬੇਅੰਤ ਜੀਵਾਂ ਨੂੰ ਗੁਰ ਦੀਖਿਅਤ ਕਰਕੇ, ਉਹਨਾਂ ਦਾ ਉਧਾਰ ਕੀਤਾ। ਗੁਰੂ ਜੀ ਦੀ ਮਿਕਤਨੀਸੀ ਸ਼ਖਸੀਅਤ ਅਜਿਹੀ ਸੀ ਕਿ ਉਹ ਜਿਧਰ ਵੀ ਨਜ਼ਰ ਕਰਦੇ ਸਨ, ਉਧਰ ਹੀ ਬੇਅੰਤ ਪ੍ਰਾਣੀ ਉਹਨਾਂ ਤੋਂ ਦੀਖਿਆ ਲੈ ਕੇ ਸਿਖ ਬਣ ਜਾਂਦੇ ਸਨ। ਪਿੰਡਾਂ ਦੇ ਪਿੰਡ ਅਤੇ ਗ੍ਰਾਮਾਂ ਦੇ ਗ੍ਰਾਮ ਉਹਨਾਂ ਨੇ ਸਿਖ ਬਣਾ ਦਿਤੇ ਸਨ। ਸੋ ਗੁਰੂ ਜੀ, ਲੋਕਾਂ ਨੂੰ ਸਿਖ ਬਣਾ ਕੇ ਫੇਰ ਨਾ ਸਿਰਫ ਗੁਰਮਤਿ ਲੰਗਰ ਦੀ ਹੀ ਸਿਖਿਆ ਦਿੰਦੇ ਸਨ ਬਲਕਿ ਸ੍ਰੀ ਕੜਾਹ ਪਰਸ਼ਾਦ ਬਨਾਉਣ ਅਤੇ ਰੋਜ਼ਾਨਾ ਸਵੇਰੇ ਸ਼ਾਮ ਸੰਗਤ ਕਰਨ ਦਾ ਵੀ ਉਪਦੇਸ਼ ਕਰਦੇ ਸਨ। ਸੋ ਇਦਾਂ ਕਹਿਣਾ ਐਨ ਵਾਜਬ ਹੈ ਕਿ ਉਹ ਨਵੇਂ ਗ੍ਰਾਮ ਜਾਂ ਪਿੰਡ ਵਿਚ ਜਾ ਕੇ ਤਤਕਾਲ ਹੀ ਉਥੋਂ ਦੇ ਵਡਭਾਗੇ ਲੋਕਾਂ ਨੂੰ ਸਿਖ ਬਣਾ ਲੈਂਦੇ ਸਨ ਅਤੇ ਫੇਰ ਉਹਨਾਂ ਪਾਸ ਕੁਝ ਦਿਨ ਠਹਿਰ ਕੇ ਅਗੇ ਤੁਰ ਜਾਂਦੇ ਸਨ। ਸੋ ਸਿਖ ਬਣਾਏ ਹੋਏ ਇਹਨਾਂ ਵਡਭਾਗਿਆਂ ਤੋਂ ਛਕਣ ਵਿਚ ਕੋਈ ਹਰਜ ਨਹੀਂ ਸੀ ਅਤੇ ਇਸ ਪ੍ਰਕਾਰ ਉਹਨਾਂ ਨੇ ਭਾਈ ਮਰਦਾਨਾ ਜੀ ਦਾ ਗੁਰਮਤਿ ਆਹਾਰ ਬਿਬੇਕ ਹਮੇਸ਼ਾਂ ਕਾਇਮ ਰਖਿਆ ਸੀ।

ਇਹ ਵੀ ਮੁਮਕਿਨ ਹੈ ਕਿ ਜੇਕਰ ਕਿਸੇ ਪਿੰਡ ਜਾਂ ਸ਼ਹਿਰ ਵਿਚੋਂ ਕੋਈ ਸਿਖ ਬਨਣ ਵਾਸਤੇ ਨਾ ਨਿਤਰਿਆ ਹੋਵੇ, ਤਾਂ ਗੁਰੂ ਜੀ ਨੇ ਉਥੋਂ ਪਰਸ਼ਾਦੇ ਦੀ ਸਮੱਗਰੀ ਲੈ ਕੇ ਖੁਦ ਆਪਣੇ ਹੱਥੀਂ ਪਰਸ਼ਾਦਾ ਤਿਆਰ ਕੀਤਾ ਹੋਵੇ। ਜਦ ਗੁਰੂ ਜੀ ਨੇ ਗੁਰਮਤਿ ਦਾ ਪ੍ਰਕਾਸ਼ ਕਰਨ ਲਈ, ਇੰਨਾ ਉਦਮ ਧਾਰ ਕੇ ਉਦਾਸੀਆਂ ਕੀਤੀਆਂ ਸਨ ਅਤੇ ਹਜ਼ਾਰਾਂ ਮੀਲਾਂ ਦਾ ਪੈਂਡਾ ਕਈ ਸਾਲ ਲਾ ਕੇ ਤੁਰ ਕੇ ਤੈਅ ਕੀਤਾ, ਤਾਂ ਇਹ ਕੋਈ ਮੁਸ਼ਕਿਲ ਗਲ ਨਹੀਂ ਹੈ ਕਿ ਉਹਨਾਂ ਨੇ ਅਤੇ ਭਾਈ ਮਰਦਾਨਾ ਜੀ ਨੇ, ਲੋੜ ਪੈਣ ਤੇ ਸ਼ਹਿਰ ਵਿਚੋਂ ਸਮੱਗਰੀ ਲੈ ਕੇ ਹਥੀਂ ਭੋਜਨ ਤਿਆਰ ਕੀਤਾ ਹੋਵੇ, ਸਗੋਂ ਇਦਾਂ ਹੀ ਹੋਇਆ ਹੋਣਾ ਹੈ। ਜੇਕਰ ਆਪਾਂ ਇਹ ਗਲ ਨਹੀਂ ਮੰਨਦੇ ਤਾਂ ਕੀ ਇਹ ਮੰਨੀਏ ਕਿ ਉਹ ਸੰਨਿਆਸੀਆਂ ਅਤੇ ਜੋਗੀਆਂ ਵਾਂਗ ਲੋਕਾਂ ਦੇ ਘਰਾਂ ਤੋਂ ਮੰਗ ਕੇ ਖਾਂਦੇ ਸਨ ? ਹਰਗਿਜ਼ ਨਹੀਂ ! ਗੁਰੂ ਜੀ ਨੇ ਆਪਣੇ ਸਿਖਾਂ ਨੂੰ ਜੋਗੀਆਂ ਵਾਂਗ ਮੰਗਕੇ ਖਾਣ ਤੋਂ ਮਨ੍ਹਾ ਕੀਤਾ ਹੈ; ਸੋ ਉਹ ਖੁਦ ਕਦੇ ਵੀ ਜੋਗੀਆਂ ਸੰਨਿਆਸੀਆਂ ਵਾਂਗ ਮੰਗਕੇ ਨਹੀਂ ਸਨ ਖਾ ਸਕਦੇ। ਏਮਨਾਬਾਦ ਸ਼ਹਿਰ ਵਿਚ ਕੇਵਲ ਇਕ ਸਿਖ – ਭਾਈ ਲਾਲੋ ਸੀ। ਗੁਰੂ ਜੀ ਨੇ ਕੇਵਲ ਉਸ ਪਾਸੋਂ ਹੀ ਛਕਣਾ ਮਨਜ਼ੂਰ ਕੀਤਾ ਅਤੇ ਮਲਕ ਭਾਗੋ ਦਾ ਪਰਸ਼ਾਦਾ ਛਕਣ ਤੋਂ ਇਨਕਾਰ ਕਰ ਦਿਤਾ। ਇਸ ਸਾਖੀ ਤੋਂ ਵੀ ਇਹੋ ਹੀ ਸਿਧ ਹੈ ਕਿ ਗੁਰੂ ਜੀ ਖੁਦ ਕੇਵਲ ਗੁਰਮੁਖਾਂ ਦਾ ਤਿਆਰ ਕੀਤਾ ਪਰਸ਼ਾਦਾ ਹੀ ਛਕਦੇ ਸਨ।

ਇਹ ਕਦੀ ਨਹੀਂ ਹੋ ਸਕਦਾ ਕਿ ਉਹ ਨਿਗੁਰਿਆਂ ਅਤੇ ਪਾਪੀਆਂ ਪਾਸੋਂ ਨਿਸੰਗ ਹੋ ਕੇ ਛਕਦੇ ਰਹੇ ਹੋਣ ਅਤੇ ਆਪ ਗੁਰਸਿਖਾਂ ਨੂੰ ਇਹ ਉਪਦੇਸ਼ ਕਰਦੇ ਰਹੇ ਹੋਣ ਕਿ ਮਨਮੁਖ ਨਾਲ ਮਿਲਵਰਤਣ ਨਹੀਂ ਰੱਖਣਾ ਅਤੇ ਗੁਰਸਿਖਾਂ ਨਾਲ ਸਾਂਝ ਰਖਣ ਲਈ ਕਹਿੰਦੇ ਹੋਣ।

## ਖੰਡੇ ਦੀ ਪਾਹੁਲ ਵਿਚ ਵਿਸ਼ੇਸ਼ਤਾ

ਅੰਮ੍ਰਿਤ ਸਿੰਚਾਰ ਸਮਾਗਮ ਤੇ ਖੰਡੇ ਦੀ ਪਾਹੁਲ, ਪਾਣੀ ਵਿਚ ਪਤਾਸੇ ਪਾ ਕੇ, ਪੰਜ ਬਾਣੀਆਂ ਦਾ ਪਾਠ ਕਰਨ ਨਾਲ ਤਿਆਰ

ਕੀਤੀ ਜਾਂਦੀ ਹੈ ਅਤੇ ਫੇਰ ਇਸ ਖੰਡੇ ਪਾਹੁਲ ਨੂੰ ਅੰਮ੍ਰਿਤ ਦੀ ਸੰਗਿਆ ਦਿਤੀ ਜਾਂਦੀ ਹੈ। ਆਮ ਸੰਸਾਰੀ ਤਰਕ ਮੁਤਾਬਕ ਤਾਂ ਇਹ ਮਿੱਠਾ ਪਾਣੀ ਹੀ ਹੈ ਨਾ ਪਰ ਗੁਰਸਿਖ ਜਾਣਦੇ ਹਨ ਕਿ ਇਹ ਮਿਠੇ ਪਾਣੀ ਤੋਂ ਵੱਧ ਕੇ ਬਹੁਤ ਕੁਝ ਹੈ। ਇਹ ਉਹ ਆਬੇ ਹਯਾਤ ਹੈ ਜੋ ਬੁਜ਼ਦਿਲਾਂ ਨੂੰ ਜੋਧੇ ਬਣਾ ਦਿੰਦਾ ਹੈ, ਪਤਿਤਾਂ ਨੂੰ ਭਗਤ ਬਣਾ ਦਿੰਦਾ ਹੈ ਅਤੇ ਸਦੀਆਂ ਤੋਂ ਭਟਕਦਿਆਂ ਨੂੰ ਬਿਸ਼ਰਾਮ ਦੇ ਕੇ ਮੋਖ ਦੁਆਰ ਤੇ ਪਹੁੰਚਾ ਦਿੰਦਾ ਹੈ। ਖੰਡੇ ਦੀ ਪਾਹੁਲ ਅਸਲ ਵਿਚ ਇਸ ਕਰਕੇ ਛਕਾਈ ਜਾਂਦੀ ਹੈ ਤਾਂ ਕੇ ਪੰਜਾਂ ਵਲੋਂ ਨਾਮ ਦੀ ਬਖਸ਼ਿਸ਼ ਹੋ ਸਕੇ। ਜਿਸ ਤਰ੍ਹਾਂ ਇਕ ਭਾਂਡੇ ਵਿਚ ਦੁਧ ਆਦਿਕ ਸਵੱਛ ਵਸਤੂ ਪਾਉਣ ਤੋਂ ਪਹਿਲਾਂ ਉਸ ਭਾਂਡੇ ਨੂੰ ਸਾਫ ਕੀਤਾ ਜਾਂਦਾ ਹੈ ਤਾਂ ਜੋ ਦੁਧ ਆਦਿਕ ਵਸਤੂ ਖਰਾਬ ਨਾ ਹੋਵੇ, ਇਸੇ ਤਰ੍ਹਾਂ ਨਾਮ ਗੁਰਮੰਤ੍ਰ ਦੀ ਬਖਸ਼ਿਸ਼ ਕਰਨ ਤੋ ਪਹਿਲਾਂ ਪੰਜ ਪਿਆਰੇ, ਖੰਡੇ ਬਾਟੇ ਦਾ ਅਮ੍ਰਿਤ ਛਕਾ ਕੇ, ਇਸ ਕਾਂਇਆਂ ਰੂਪੀ ਭਾਂਡੇ ਦੀ ਸਫਾਈ ਕਰਦੇ ਹਨ, ਤਾਂ ਕੇ ਗੁਰਮਤਿ ਨਾਮ ਜੈਸੀ ਨਾਯਾਬ ਅਤੇ ਮੁਕੱਦਸ (ਪਵਿਤ੍ਰ) ਵਸਤੂ ਇਸ ਵਿਚ ਸਮਾ ਸਕੇ।

ਸੋਚਣ ਗਲ ਇਹ ਹੈ ਕਿ ਖੰਡੇ ਬਾਟੇ ਦੀ ਪਾਹੁਲ ਦੇਖਣ ਨੂੰ ਤਾਂ ਮਿੱਠਾ ਪਾਣੀ ਹੀ ਹੈ ਨਾ, ਫੇਰ ਇਹ ਅੰਮ੍ਰਿਤ ਕਿਵੇਂ ਬਣਿਆ? ਜਵਾਬ ਸਾਫ ਹੈ ਕਿ ਗੁਰਬਾਣੀ ਦੇ ਅਸਰ ਕਰਕੇ ਇਹ ਮਿੱਠਾ ਪਾਣੀ ਨਾ ਰਹਿ ਕੇ ਅੰਮ੍ਰਿਤ ਬਣ ਜਾਂਦਾ ਹੈ। ਗੁਰਬਾਣੀ ਜਿਥੇ ਗੁਰੂ ਰੂਪ ਹੋ ਕਿ ਉਪਦੇਸ਼ ਕਰਦੀ ਹੈ ਅਤੇ ਗੁਰਸਿਖਾਂ ਦਾ ਜੀਵਨ ਸਫਲ ਕਰਦੀ ਹੈ ਉਥੇ ਗੁਰਬਾਣੀ ਵਿਚ ਪਾਰਸ ਕਲਾ ਵੀ ਹੈ ਜਿਸ ਕਰਕੇ ਜਿਸਨੂੰ ਵੀ ਗੁਰਬਾਣੀ ਪਰਸ ਲਵੇ, ਉਸਨੂੰ ਪਵਿਤ੍ਰ ਬਣਾ ਦਿੰਦੀ ਹੈ। ਇਹ ਗੁਰਬਾਣੀ ਦੀ ਪਾਰਸ ਕਲਾ ਹੀ ਹੈ ਜਿਸ ਕਰਕੇ ਖੰਡੇ ਦੀ ਪਾਹੁਲ, ਅੰਮ੍ਰਿਤ ਬਣ ਜਾਂਦੀ ਹੈ। ਸੋ ਇਸ ਵਿਚਾਰ ਤੋਂ ਸਾਬਤ ਹੈ ਕਿ ਆਪਣੇ ਆਲੇ ਦੁਆਲੇ ਦਾ ਵਾਤਾਵਰਨ ਅਵਸ਼ ਹੀ ਭੋਜਨ ਤੇ ਅਸਰ ਪਾਉਂਦਾ ਹੈ। ਇਕ ਪਾਸੇ ਅਜਿਹਾ ਭੋਜਨ ਹੋਵੇ ਜੋ ਕਿ ਇਕ ਤਿਆਰ ਬਰ ਤਿਆਰ ਗੁਰਸਿਖ ਨੇ ਗੁਰਬਾਣੀ ਦਾ ਪਾਠ ਕਰਕੇ ਜਾਂ ਨਾਮ ਜਪਕੇ ਸਜਾਇਆ ਪਕਾਇਆ ਹੋਵੇ ਅਤੇ ਦੂਜੇ ਪਾਸੇ ਇਕ ਭਗਤੀ ਵਿਹੂਣੇ ਮਨਮੁਖ ਨੇ ਗੱਲਾਂ ਕਰਦੇ ਨੇ ਜਾਂ ਗਾਣੇ ਗਾਉਂਦੇ ਨੇ ਤਿਆਰ ਕੀਤਾ ਹੋਵੇ, ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੋਵੇਗਾ। ਗੁਰਸਿਖਾਂ ਦਾ ਭੋਜਨ ਛਕਕੇ ਮਨ ਵਿਚ ਬੰਦਗੀ ਕਰਨ ਦੀ ਉਮੰਗ ਉਠਦੀ ਹੈ ਅਤੇ ਬਦੋਬਦੀ ਨਾਮ ਜਪਣ ਅਤੇ ਹਰਿਗੁਣ ਗਾਉਣ ਨੂੰ ਦਿਲ ਕਰਦਾ ਹੈ ਜਦਕਿ ਸਾਕਤੀ ਭੋਜਨ ਛਕ ਕੇ ਹਰਿ ਸਿਉਂ ਪ੍ਰੀਤ ਟੁੱਟ ਜਾਂਦੀ ਹੈ। ਸੋ ਇਸ ਵਿਚਾਰ ਤੋਂ ਇਹੋ ਹੀ ਤੱਤ ਨਿਕਲਦਾ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਸੰਜੀਦਾ ਗੁਰਮੁਖਾਂ ਨੂੰ ਜ਼ਰੂਰ ਹੀ ਗੁਰਮਤਿ ਆਹਾਰ ਬਿਬੇਕ ਦੇ ਧਾਰਣੀ ਬਨਣਾ ਚਾਹੀਦਾ ਹੈ।

## ਹੱਕ ਹਲਾਲ ਦੀ ਰੋਟੀ ਦੀ ਪਰਿਭਾਸ਼ਾ

ਆਮ ਲੋਕਾਂ ਦੇ ਨਿਕਟ ਕੇਵਲ ਈਮਾਨਦਾਰੀ ਅਤੇ ਮਿਹਨਤ ਨਾਲ ਕਮਾਏ ਹੋਏ ਧਨ ਨਾਲ ਤਿਆਰ ਕੀਤਾ ਹੋਇਆ ਭੋਜਨ, ਹੱਕ ਹਲਾਲ ਦਾ ਭੋਜਨ ਹੈ ਪਰ ਗੁਰਮਤਿ ਦੇ ਮਿਆਰ ਇਸ ਤੋਂ ਬਹੁਤ ਉਚੇ ਹਨ। ਇਹ ਠੀਕ ਹੈ ਕਿ ਈਮਾਨਦਾਰੀ ਨਾਲ ਕਮਾਏ ਧਨ ਦਾ ਬਹੁਤ ਮਹਾਤਮ ਹੈ ਅਤੇ ਅਜਿਹਾ ਕਰਨਾ ਪੁੰਨ ਕਰਮ ਹੈ ਪਰ ਗੁਰਮਤਿ ਕੇਵਲ ਈਮਾਨਦਾਰੀ ਦੀ ਕਮਾਈ ਤੇ ਹੀ ਨਹੀਂ ਪਸੀਜਦੀ ਜਦ ਤੱਕ ਕਿ ਰੋਜ਼ਗਾਰ ਕਰਦਿਆਂ ਹੋਇਆਂ ਗੁਰਮਤਿ ਨਾ ਧਾਰਨ ਕੀਤੀ ਜਾਵੇ ਅਤੇ ਗੁਰਸਿਖ ਦਾ ਬਾਕੀ ਦਾ ਜੀਵਨ ਗੁਰਮਤਿ ਭਗਤੀ ਵਾਲਾ ਜੀਵਨ ਨਾ ਹੋਵੇ।

ਗੁਰਮਤਿ ਅਨੁਸਾਰ ਕਿਰਤ ਕਮਾਈ ਉਦੋਂ ਗੁਰਮਤਿ ਅਨੁਸਾਰੀ ਕਿਰਤ ਕਮਾਈ ਬਣਦੀ ਹੈ ਜਦੋਂ ਨਾ ਕੇਵਲ ਰੁਜ਼ਗਾਰ ਗੁਰਮਤਿ ਅਨੁਸਾਰੀ ਅਤੇ ਈਮਾਨਦਾਰੀ ਵਾਲਾ ਹੋਵੇ ਬਲਕਿ ਕੰਮ ਕਰਦਿਆਂ ਚਿੱਤ ਵਿਚ ਨਾਮ ਚਲਦਾ ਹੋਵੇ ਅਤੇ ਕਮਾਏ ਹੋਏ ਧਨ ਵਿਚੋਂ ਗੁਰੂ ਕਾ ਦਸਵੰਧ ਕਢਿਆ ਹੋਵੇ। ਜਦੋਂ ਤੱਕ ਇਹ ਤਿੰਨ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ ਉਦੋ ਤਕ ਕਿਸੇ ਦੀ ਕਮਾਈ ਗੁਰਮਤਿ ਅਨੁਸਾਰ ਹੱਕ ਹਲਾਲ ਦੀ ਕਮਾਈ ਨਹੀਂ ਕਹਾ ਸਕਦੀ।

ਕਈ ਅਜਿਹੇ ਵੀ ਕੰਮ ਹੁੰਦੇ ਹਨ ਜੋ ਕਿ ਈਮਾਨਦਾਰੀ ਨਾਲ ਕੀਤੇ ਜਾਣ ਤਾਂ ਵੀ ਉਹ ਗੁਰਮਤਿ ਅਨੁਸਾਰੀ ਨਾ ਹੁੰਦੇ ਹੋਏ ਗੁਰਮਤਿ ਕਿਰਤ ਕਮਾਈ ਵਿਚ ਸ਼ਾਮਲ ਨਹੀਂ ਕੀਤੇ ਜਾ ਸਕਦੇ ਮਸਲਨ ਜੇਕਰ ਕਿਸੇ ਦਾ ਸਿਗਰਟਾਂ ਜਾਂ ਸ਼ਰਾਬ ਵੇਚਣ ਦਾ ਧੰਦਾ ਹੋਵੇ ਅਤੇ ਉਹ ਇਹ ਧੰਦਾ ਈਮਾਨਦਾਰੀ ਨਾਲ ਅਤੇ ਮਿਹਨਤ ਨਾਲ ਕਰਦਾ ਹੋਵੇ, ਫੇਰ ਵੀ ਅਜਿਹੀ ਕਮਾਈ, ਗੁਰਮਤਿ ਕਿਰਤ ਕਮਾਈ ਨਹੀਂ ਹੋ ਸਕਦੀ ਅਤੇ ਇਦਾਂ ਦੀ ਕਮਾਈ ਨਾਲ ਬਣਿਆ ਭੋਜਨ ਗੁਰਸਿਖ ਵਾਸਤੇ ਹਰਾਮ ਹੈ। ਇਸ ਤਰ੍ਹਾਂ ਦੇ ਹੋਰ ਵੀ ਕਈ ਕੰਮ ਹਨ ਜੋ ਕਿ ਗੁਰਮਤਿ ਅਨੁਸਾਰ ਗੁਰਸਿਖ ਨੂੰ ਕਰਨੇ ਨਹੀਂ ਸ਼ੋਭਦੇ ਜਿਵੇਂ ਕਿ ਨਾਈ ਦਾ ਕੰਮ ਹੈ ਜਿਸਦਾ ਕਿ ਅਜਕਲ ਦਾ ਇਕ ਰੂਪ ਬਿਊਟੀ ਪਾਰਲਰ ਹੈ ਜਿਥੇ ਰੋਮਾਂ ਦੀ ਬੇਅਦਬੀ ਕੀਤੀ ਜਾਂਦੀ ਹੈ। ਗੁਰਮਤਿ ਅਨੁਸਾਰੀ ਕਿਰਤ ਕਮਾਈ ਲਈ ਕੇਵਲ ਈਮਾਨਦਾਰੀ ਨਾਲ ਅਤੇ ਮਿਹਨਤ ਨਾਲ ਕੀਤੀ ਹੋਈ ਕਮਾਈ ਹੀ ਇਕ ਸ਼ਰਤ ਨਹੀਂ ਹੈ ਹੋਰ ਵੀ ਸ਼ਰਤਾਂ ਹਨ ਜਿਵੇਂ ਕਿ ਕਮਾਈ ਗੁਰਮਤਿ ਦੇ ਅਨੁਕੂਲ ਹੋਵੇ, ਕਮਾਈ ਕਰਦੇ ਹੋਏ ਅਤੇ ਬਾਕੀ ਸਮਾਂ ਗੁਰਸਿਖ ਨਾਮ ਬਾਣੀ ਦੇ ਆਹਰ ਵਿਚ ਲਗਿਆ ਹੋਵੇ, ਅਤੇ ਇਸ ਬਿਧਿ ਕਮਾਏ ਹੋਏ ਧਨ ਵਿਚੋਂ ਗੁਰੂ ਕਾ ਦਸਵੰਧ ਪੂਰਾ ਗਿਣਕੇ ਦਸਵਾਂ ਹਿੱਸਾ (ਜਾਂ ਇਸ ਤੋਂ ਵਧੀਕ) ਗੁਰੂ ਕੇ ਅਰਥ, ਖਾਲਸਾ ਪੰਥ ਦੀ ਚੜ੍ਹਦੀ ਕਲਾ ਤੇ ਲਾਇਆ ਹੋਵੇ। ਤਾਂ ਜਾ ਕੇ ਗੁਰਸਿਖ ਦੀ ਕਮਾਈ ਗੁਰਮਤਿ ਅਨੁਸਾਰੀ ਕਿਰਤ ਕਮਾਈ ਬਣਦੀ ਹੈ।

ਰੋਜ਼ੀ ਰੋਟੀ ਕਮਾਉਂਦੇ ਹੋਏ ਨਾਮ ਬਾਣੀ ਜਪਣ ਤੋਂ ਬਿਨਾਂ ਕਿਸੇ ਦੀ ਕਮਾਈ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਹੱਕ ਹਲਾਲ ਦੀ ਕਮਾਈ ਨਹੀਂ ਹੈ ਅਤੇ ਨਾਮ ਗੁਰਮੰਤ੍ਰ ਦਾ ਸਿਮਰਨ ਤਾਂ ਉਹੋ ਹੀ ਕਰੇਗਾ ਜੋ ਅੰਮ੍ਰਿਤਧਾਰੀ ਹੋਵੇਗਾ। ਇਸ ਵਿਚਾਰ ਤੋ ਸਾਬਤ ਹੈ ਕਿ ਤਿਆਰ ਬਰ ਤਿਆਰ ਗੁਰਸਿਖ ਵਲੋਂ ਆਪਣੀ ਗੁਰਮਤਿ ਅਨੁਸਾਰੀ ਕਮਾਈ ਨਾਲ, ਨਾਮ ਬਾਣੀ ਜਪਦਿਆਂ ਹੋਇਆਂ ਤਿਆਰ ਕੀਤਾ ਹੋਇਆ ਭੋਜਨ ਹੀ ਗੁਰਮਤਿ ਆਹਾਰ ਬਿਬੇਕ ਦੇ ਧਾਰਨੀਆਂ ਨੂੰ ਛਕਣਾ ਚਾਹੀਦਾ ਹੈ। ਇਸ ਤੋਂ ਹੇਠਾਂ ਦਰਜੇ ਦਾ ਭੋਜਨ ਛਕਣਾ ਗੁਰਮਤਿ ਅਨੁਸਾਰ ਬਿਬੇਕ ਦਾ ਭੋਜਨ ਨਹੀਂ ਕਹਾ ਸਕਦਾ।

ਗੁਰੂ ਸਾਹਿਬ ਕਿਰਪਾ ਕਰਨ ਕਿ ਸਾਰਾ ਖਾਲਸਾ ਪੰਥ ਗੁਰਮਤਿ ਬਿਬੇਕ ਰਹਿਤ ਰਹਿਣੀ ਵਿਚ ਤਿਆਰ ਬਰ ਤਿਆਰ ਹੋਵੇ ਤਾਂ ਜੋ ਪੰਥ ਦੀ ਚੜ੍ਹਦੀ ਕਲਾ ਸਹੀ ਅਰਥਾਂ ਵਿਚ ਹੋ ਸਕੇ। ਜੇਕਰ ਅਸੀਂ ਆਨਮਤੀਆਂ ਨਾਲੋਂ ਰੋਟੀ ਬੇਟੀ ਦੀ ਸਾਂਝ ਨਾ ਤੋੜੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਬੁਧ ਅਤੇ ਜੈਨ ਧਰਮਾਂ ਵਾਂਗ ਵੈਦਿਕ ਧਰਮ ਸਾਨੂੰ ਵੀ ਨਿਗਲ ਜਾਵੇਗਾ। ਨਿਆਰਾਪਨ ਰਖਣ ਤੋਂ ਬਿਨਾਂ ਕਦੇ ਵੀ ਖਾਲਸੇ ਪੰਥ ਦੀ ਪੂਰਨ ਤੌਰ ਤੇ ਚੜ੍ਹਦੀ ਕਲਾ ਨਹੀਂ ਹੋਣੀ ਅਤੇ ਇਸ ਰਹਿਤ ਤੋਂ ਬਿਹੂਣ, ਖਾਲਸਾ ਪੰਥ ਇਕ ਮਿਲਗੋਭਾ ਪੰਥ ਹੀ ਬਣਿਆ ਰਹੇਗਾ।

# ਪਾਤਸ਼ਾਹੀ ਤਾਜ ਦਸਤਾਰ ਖ਼ਾਤਰ ਲਾਸਾਨੀ ਇਤਿਹਾਸ ਸਿਰਜਣ ਵਾਲੇ ਸਿੱਖ ਫ਼ੌਜੀ ਲੋਹ-ਟੋਪ ਕਿਉਂ ਪਾਉਣ?



ਤਲਵਿੰਦਰ ਸਿੰਘ ਬੁੱਟਰ

ਹਾਲ ਹੀ ਦੌਰਾਨ ਰੱਖਿਆ ਮੰਤਰਾਲੇ ਵਲੋਂ ਭਾਰਤੀ ਫ਼ੌਜ ਵਿਚ ਸਿੱਖ ਜਵਾਨਾਂ ਲਈ ਵਿਸ਼ੇਸ਼ ਬਣਤਰ ਵਾਲੇ ਲੋਹ-ਟੋਪ ਖ਼ਰੀਦਣ ਦੀ ਤਜਵੀਜ਼ ਸਾਹਮਣੇ ਆਉਣ ਤੋਂ ਬਾਅਦ ਇਸ ਮੁੱਦੇ 'ਤੇ ਤਕੜੀ ਬਹਿਸ ਛਿੜ ਗਈ ਹੈ। ਕੁਝ ਅੰਧ-ਰਾਸ਼ਟਰਵਾਦੀ ਰੱਖਿਆ ਮਾਹਿਰਾਂ ਅਤੇ ਕੁਝ ਆਧੁਨਿਕ ਸੋਚ ਵਾਲੇ ਵਿਚਾਰਵਾਨਾਂ ਵਲੋਂ ਜਿੱਥੇ ਵਿਸ਼ੇਸ਼ ਕਿਸਮ ਦੇ ਲੋਹ-ਟੋਪ ਨੂੰ ਸਿੱਖ ਫ਼ੌਜੀਆਂ ਦੀਆਂ ਜਾਨਾਂ ਦੀ ਸੁਰੱਖਿਆ ਲਈ ਵਾਜਬ ਦੱਸਿਆ ਜਾ ਰਿਹਾ ਹੈ, ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਖ-ਵੱਖ ਸਿੱਖ ਅਤੇ ਪੰਥਕ ਹਲਕਿਆਂ ਵਲੋਂ ਸਿੱਖ ਫ਼ੌਜੀਆਂ ਲਈ ਲੋਹ-ਟੋਪ ਦੀ ਤਜਵੀਜ਼ ਨੂੰ ਸਿੱਖ ਪਛਾਣ ਅਤੇ ਧਾਰਮਿਕ ਆਜ਼ਾਦੀ 'ਤੇ ਵੱਡਾ ਹਮਲਾ ਕਰਾਰ ਦਿੰਦਿਆਂ ਭਾਰਤ ਸਰਕਾਰ ਕੋਲੋਂ ਅਜਿਹੀ ਤਜਵੀਜ਼ ਨੂੰ ਮੁੱਢਲੇ ਪੜਾਅ 'ਤੇ ਹੀ ਰੱਦ ਕਰਨ ਦੀ ਸਖ਼ਤ ਮੰਗ ਕੀਤੀ ਜਾ ਰਹੀ ਹੈ।

ਲਗਪਗ ੮੩ ਵਰ੍ਹੇ ਪਹਿਲਾਂ ਦੂਜੀ ਸੰਸਾਰ ਜੰਗ ਵੇਲੇ ਵੀ ਬਰਤਾਨਵੀ ਫ਼ੌਜ ਦੇ ੧ ਲੱਖ ੧੨ ਹਜ਼ਾਰ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਣ ਲਈ ਆਖਿਆ ਗਿਆ ਸੀ। ਅੰਗਰੇਜ਼ ਅਧਿਕਾਰੀਆਂ ਨੇ ਸਿੱਖ ਫ਼ੌਜੀਆਂ ਲਈ ਲੋਹ-ਟੋਪ ਲਾਜ਼ਮੀ ਕਰਾਰ ਦਿੰਦਿਆਂ ਹੁਕਮ ਜਾਰੀ ਕਰ ਦਿੱਤੇ ਸਨ ਕਿ ਅਸੀਂ ਸਿਰ ਵਿਚ ਗੋਲੀਆਂ ਲੱਗਣ ਕਾਰਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਤੋਂ ਅਸਮਰਥ ਹੋਵਾਂਗੇ। ਸਿੱਖ ਫ਼ੌਜੀਆਂ ਨੇ ਲੋਹ-ਟੋਪ ਪਹਿਨਣ ਤੋਂ ਸਾਫ਼ ਇਨਕਾਰ ਕਰਦਿਆਂ ਇਹ ਲਿਖ ਕੇ ਦੇ ਦਿੱਤਾ ਸੀ ਕਿ ਜੇਕਰ ਉਨ੍ਹਾਂ ਵਿਚੋਂ ਕਿਸੇ ਦੀ ਮੌਤ ਸਿਰ ਵਿਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਨ੍ਹਾਂ ਦੇ ਪਰਿਵਾਰ ਸਰਕਾਰ ਕੋਲ ਪੈਨਸ਼ਨ ਦਾ ਦਾਅਵਾ ਨਹੀਂ ਕਰਨਗੇ। ਕਿਸੇ ਵੀ ਰੂਪ ਵਿਚ ਸਰਕਾਰ ਦੇ ਪ੍ਰਭਾਵ ਹੇਠ ਆ ਕੇ ਉਸ ਵੇਲੇ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰਾਂ ਨੇ 'ਖ਼ਾਲਸਾ ਸਮਾਚਾਰ' ਅਖ਼ਬਾਰ ਵਿਚ ਬਹੁਤ ਸਾਰੇ ਲੇਖ ਲਿਖ ਕੇ ਜੰਗੀ ਹਾਲਾਤਾਂ ਵਿਚ ਸਿੱਖਾਂ ਨੂੰ ਲੋਹ-ਟੋਪ ਪਹਿਨ ਲੈਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਜਦੋਂ ਲੋਹ-ਟੋਪ ਨੂੰ ਸਿੱਖ ਰਹਿਤ ਮਰਿਆਦਾ ਦੇ ਅਨੁਕੂਲ ਠਹਿਰਾਉਣ ਲਈ ਇੱਥੋਂ ਤੱਕ ਲਿਖ ਦਿੱਤਾ ਕਿ ਬਾਬਾ ਦੀਪ ਸਿੰਘ ਜੀ ਸ਼ਹੀਦ ਵੀ ਜੰਗਾਂ ਵਿਚ ਲੋਹੇ ਦਾ ਟੋਪ ਪਾਉਂਦੇ ਸਨ ਤਾਂ ਪੰਥ ਅੰਦਰ ਇਸ ਦਾ ਤਿੱਖਾ ਪ੍ਰਤੀਕਰਮ ਸ਼ੁਰੂ ਹੋ ਗਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਗੁਰਮਤਿ ਦੀ ਸੱਚੀ-ਸੁੱਚੀ ਰੂਹਾਨੀਅਤ ਦੇ ਜਜ਼ਬੇ ਨਾਲ ਭਰਪੂਰ ਸਿੱਖ ਸਿਧਾਂਤਾਂ 'ਤੇ ਆਧਾਰਿਤ 'ਭਾਰੀ ਭੁਜਾਨ ਕੋ ਭਾਰੀ ਭਰੋਸੋ' ਨਾਮ ਦੀ ਬੜੀ ਭਾਵਪੂਰਤ ਲਿਖਤ ਲਿਖ ਕੇ ਜਿੱਥੇ ਡਾ. ਗੰਡਾ ਸਿੰਘ ਦੇ ਅਣ-ਇਤਿਹਾਸਕ ਤੱਥਾਂ ਦਾ ਖੰਡਨ ਕੀਤਾ ਉੱਥੇ ਸਿੱਖ ਰਹਿਤ ਮਰਿਆਦਾ ਅਤੇ ਗੁਰਮਤਿ ਸਿਧਾਂਤ ਅਨੁਸਾਰ ਸਿੱਖ ਦੇ ਲੋਹ-ਟੋਪ ਪਾਉਣ ਦੀ ਜ਼ਬਰਦਸਤ ਖ਼ਿਲਾਫ਼ਤ ਵੀ ਕੀਤੀ। ਬਿਪਤਾ ਦੇ ਵੇਲੇ ਲੋਹ-ਟੋਪ ਪਾ ਲੈਣ ਦੀਆਂ ਸਲਾਹਾਂ ਦੇਣ ਵਾਲੇ ਵਿਦਵਾਨਾਂ ਦੇ ਜਵਾਬ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਆਖਿਆ ਕਿ ਸਿੱਖ ਦੇ ਸਿਦਕ ਤੇ ਧਰਮ ਦੀ ਪਰਖ ਹੀ ਬਿਪਤਾ ਵੇਲੇ ਹੁੰਦੀ ਹੈ। ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦਾ ਮਸਲਾ ਸ਼੍ਰੋਮਣੀ ਕਮੇਟੀ ਕੋਲ ਪਹੁੰਚਿਆ ਤਾਂ ਉਸ ਨੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੂੰ ਇਸ ਮਸਲੇ ਦੇ ਹੱਲ ਲਈ ਆਪਣਾ ਰਸੂਖ਼ ਵਰਤਣ ਦੀ ਸਿਫ਼ਾਰਿਸ਼ ਕੀਤੀ। ਮਹਾਰਾਜਾ ਯਾਦਵਿੰਦਰ ਸਿੰਘ ਨੇ ਸਿੱਖ ਰਹਿਤ ਮਰਿਆਦਾ ਦੇ ਹਵਾਲੇ ਨਾਲ ਫ਼ੈਸਲਾ ਸੁਣਾ ਦਿੱਤਾ ਕਿ ਸਿੱਖ ਫ਼ੌਜੀ ਕਦੇ ਵੀ ਲੋਹੇ ਦੇ ਟੋਪ ਨਹੀਂ ਪਹਿਨਣਗੇ। ਬਾਅਦ ਵਿਚ ਇਸੇ ਆਧਾਰ 'ਤੇ ਹੀ ੧੯੭੬ ਵਿਚ ਬਰਤਾਨਵੀ ਸੰਸਦ ਨੇ ਆਪਣੇ ਮੋਟਰਸਾਈਕਲ ਹੈਲਮਟ ਐਕਟ ਵਿਚ ਸੋਧ ਕਰਕੇ ਸਿੱਖਾਂ ਨੂੰ ਲੋਹ-ਟੋਪ ਤੋਂ ਵਿਸ਼ੇਸ਼ ਛੋਟ ਦੇ ਦਿੱਤੀ ਸੀ। ਇਸ ਤੋਂ ਬਾਅਦ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਆਦਿ ਦੇਸ਼ਾਂ ਅੰਦਰ ਵੀ ਸਿੱਖਾਂ ਨੂੰ ਲੋਹ-ਟੋਪ ਤੋਂ ਛੋਟ ਮਿਲ ਗਈ।

ਇਸ ਤੋਂ ਪਹਿਲਾਂ ਵੀ ੧੯੫੩ ਤੋਂ ਲੈ ਕੇ ੧੯੫੯ ਤੱਕ ਬ੍ਰਿਟਿਸ਼ ਇੰਡੀਆ ਦੀ ਫ਼ੌਜ 'ਚ ਸਿੱਖ ਫ਼ੌਜੀ ਮਹੱਤਵਪੂਰਨ ਹਿੱਸਾ ਰਹੇ ਸਨ। ਸਿੱਖ ਫ਼ੌਜੀਆਂ ਤੋਂ ਬਗੈਰ ਬਾਕੀ ਸਾਰੀਆਂ ਹੀ ਦੇਸੀ

ਰੈਜਮੈਂਟਾਂ ਸਿਰ 'ਤੇ ਟੋਪੀ ਪਾਉਂਦੀਆਂ ਸਨ। ਸਿੱਖ ਧਰਮ ਦੀ ਮਰਿਆਦਾ ਤੋਂ ਵਾਕਫ਼ ਹੋਣ ਕਾਰਨ ਸਿੱਖ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਸਿੱਖ ਫ਼ੌਜੀਆਂ ਨੂੰ ਟੋਪੀ ਪਾਉਣ ਲਈ ਹੁਕਮ ਦੇਣ ਤੋਂ ਅੰਗਰੇਜ਼ ਜ਼ਰਕਦੇ ਸਨ ਪਰ ਉਹ ਸਿੱਖ ਫ਼ੌਜੀਆਂ ਦੀ ਵਰਦੀ ਅਤੇ ਦਿੱਖ ਵਿਚ ਇਕਸਾਰਤਾ ਲਿਆਉਣੀ ਵੀ ਚਾਹੁੰਦੇ ਸਨ। ਇਸ ਦੇ ਵਾਸਤੇ ਬਹੁਤ ਠਰ੍ਹੰਮੇ ਅਤੇ ਦੀਰਘ ਵਿਚਾਰ ਤੋਂ ਬਾਅਦ ਉਨ੍ਹਾਂ ਨੇ ਪੱਗ ਦੀ ਲੰਬਾਈ ਪੰਜ ਗਜ਼ ਲੰਬੀ, ਇਕ ਗਜ਼ ਚੌੜੀ, ਪੰਜ ਲੜ ਅਤੇ ਪੱਗ ਹੇਠਲੇ ਕੇਸਾਂ ਨੂੰ ਸੰਭਾਲਣ ਲਈ ਪੱਗ ਦੇ ਹੇਠਾਂ ਇਕ ਹੋਰ ਛੋਟੀ ਦਸਤਾਰ ਜਾਂ ਕੇਸਕੀ ਨੀਯਤ ਕਰ ਦਿੱਤੀ। ਸਿੱਖ ਫ਼ੌਜੀਆਂ ਨੂੰ ਦਾੜ੍ਹੀ ਬੰਨ੍ਹਣ ਦੀ ਤਜਵੀਜ਼ ਵੀ ਉਦੋਂ ਹੀ ਹੋਂਦ ਵਿਚ ਆਈ।

ਪਹਿਲੀ ਸੰਸਾਰ ਜੰਗ ਵੇਲੇ ਵੀ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਾਉਣ ਦਾ ਵਿਚਾਰ ਦਿੱਤਾ ਗਿਆ ਸੀ ਪਰ ਉਦੋਂ ਵੀ ਸਿੱਖ ਫ਼ੌਜੀਆਂ ਦੇ ਸਿਦਕ ਅਤੇ ਦ੍ਰਿੜ੍ਹਤਾ ਅੱਗੇ ਬਰਤਾਨਵੀ ਫ਼ੌਜ ਲਾ-ਜਵਾਬ ਰਹੀ। ਉਸ ਜੰਗ ਵਿਚ ਬਹੁਤ ਸਾਰੇ ਸਿੱਖ ਫ਼ੌਜੀਆਂ ਦੀਆਂ ਦਸਤਾਰਾਂ ਦੇ ਲੜਾਂ (ਪੇਚਾਂ) ਵਿਚੋਂ ਫਸੀਆਂ ਹੋਈਆਂ ਗੋਲੀਆਂ ਨਿਕਲੀਆਂ ਸਨ, ਜੋ ਉਨ੍ਹਾਂ ਦੇ ਸਿਰ ਤੱਕ ਨਹੀਂ ਪੁੱਜ ਸਕੀਆਂ ਸਨ। ਇਹੀ ਦਲੀਲ ਦੂਜੀ ਸੰਸਾਰ ਜੰਗ ਦੌਰਾਨ ਵੀ ਲੋਹ-ਟੋਪ ਪਾਉਣ ਤੋਂ ਇਨਕਾਰ ਕਰਦਿਆਂ ਸਿੱਖ ਫ਼ੌਜੀਆਂ ਅਤੇ ਉਨ੍ਹਾਂ ਦੀ ਹਮਾਇਤ 'ਚ ਆਏ ਸਿੱਖ ਵਿਦਵਾਨਾਂ ਨੇ ਵੀ ਦਿੱਤੀ ਸੀ ਕਿ ਸਿੱਖ ਫ਼ੌਜੀਆਂ ਦੇ ਸਿਰ ਦੀ ਰੱਖਿਆ ਲਈ ਦਸਤਾਰਾਂ ਕਾਫ਼ੀ ਹਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਆਪਣੀ ਪ੍ਰਭਾਵਸ਼ਾਲੀ ਲਿਖਤ ਵਿਚ ਸਿੱਖ ਧਰਮ ਦੀ ਬੀਰ-ਰਸ ਰੂਹਾਨੀਅਤ ਦੇ ਜਜ਼ਬੇ ਨਾਲ ਲਿਖਿਆ ਕਿ, 'ਖ਼ਾਲਸੇ ਨੂੰ ਹਰ ਮੈਦਾਨ ਜੂਝਦੇ ਹੋਏ ਕੇਵਲ ਅਕਾਲ ਪੁਰਖ ਸਰਬਲੋਹ, ਸਰਬ ਕਾਲ ਜੀ ਦੀ ਸਦਾ ਰੱਛਿਆ ਮਈ ਟੇਕ ਹੈ ਅਤੇ ਇਸ ਟੇਕ ਨੂੰ ਧਾਰਨ ਕਰਨ ਵਿਚ ਹੀ ਖ਼ਾਲਸੇ ਦੀ ਫ਼ਤਹਿ ਹੈ। ਮੌਤ ਤੋਂ ਡਰ ਕੇ ਖ਼ਾਲਸਈ ਸਜ-ਧਜ ਵਾਲੇ ਦਸਤਾਰ ਦੁਮਾਲੜੇ ਸੁਸ਼ੋਭਿਤ ਸੀਸ ਨੂੰ ਟੋਪਾਂ ਤੇ ਹੈਲਮਟ ਦੇ ਹੇਠ ਲੁਕਾ ਕੇ ਜੰਗ ਵਿਚ ਲੜਣ ਵਾਲਿਆਂ ਦੀ ਕਦੇ ਬਹਾਦਰੀ ਨਹੀਂ ਹੋ ਸਕਦੀ। ਉਨ੍ਹਾਂ ਨੇ ਜੰਗ ਵਿਚ ਯੋਧੇ ਹੋ ਕੇ ਕੀ ਜੂਝਣਾ ਹੈ, ਜਿਨ੍ਹਾਂ ਦੇ ਸਿਰ 'ਤੇ ਸਦਾ ਮਰਨ ਦਾ ਡਰ ਭੂਤ ਹੋ ਕੇ ਸਵਾਰ ਹੋਵੇ।'

ਸੱਚਮੁੱਚ ਇਹ ਗੱਲ ਅੱਜ ਵੀ ਸਿੱਖ ਫ਼ੌਜੀਆਂ ਨੂੰ ਜੰਗੀ ਹਾਲਾਤਾਂ ਵਿਚ ਜਾਨ ਦੀ ਸੁਰੱਖਿਆ ਲਈ ਲੋਹ-ਟੋਪ ਪਾਉਣ ਲਈ ਕਹਿਣ ਵਾਲਿਆਂ ਦੀ ਪ੍ਰਤੀਕਿਰਿਆ ਵਿਚ ਪ੍ਰਸੰਗਕ ਹੈ ਕਿ ਮੌਤ ਦਾ ਭੈਅ ਮਨ ਵਿਚ ਰੱਖਣ ਵਾਲੇ ਫ਼ੌਜੀ ਜਵਾਨ ਜੰਗ ਦੇ ਮੈਦਾਨ ਵਿਚ ਸੂਰਬੀਰਤਾ ਨਾਲ ਕਿੰਜ ਜੂਝ ਸਕਦੇ ਹਨ? ਉਂਜ ਵੀ ਸਿੱਖ ਧਰਮ ਦਾ ਮਾਰਗ ਹੀ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥' ਦੀ ਅਵਸਥਾ ਤੋਂ ਸ਼ੁਰੂ ਹੁੰਦਾ ਹੈ। ਸਿੱਖ ਧਰਮ ਦੀ ਗੁਰਬਾਣੀ ਪਰੰਪਰਾ ਜਦੋਂ ਯੁੱਧ ਵਿਚ ਨਿੱਤਰਨ ਲਈ ਸੱਚੇ ਜੁਝਾਰੂ ਸਿਪਾਹੀ ਨੂੰ, 'ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥' ਦਾ ਰੂਹਾਨੀਅਤ ਵਿਚ ਭਿੱਜਿਆ ਹੋਇਆ ਬੁਲੰਦ ਜਜ਼ਬਾ ਬਖ਼ਸ਼ਦੀ ਹੋਵੇ ਤਾਂ ਫਿਰ ਮੈਦਾਨ-ਏ-ਜੰਗ ਦੇ ਅੰਦਰ ਸਿੱਖ ਜਾਂਬਾਜ਼ ਸਿਪਾਹੀਆਂ ਵਾਸਤੇ ਆਪਣੀ ਜਾਨ ਦੀ ਰੱਖਿਆ ਲਈ ਦਸਤਾਰਾਂ ਲਾਹ ਕੇ ਜਾਂ ਦਸਤਾਰਾਂ ਦੇ ਉੱਪਰੋਂ ਦੀ ਲੋਹ-ਟੋਪ ਪਾਉਣ ਬਾਰੇ ਤਸੱਵਰ ਕਰਨਾ ਵੀ ਆਪਣਾ ਧਰਮ ਗਵਾ ਕੇ ਖ਼ਾਲਸਈ ਜੰਗਜੂ ਜਜ਼ਬੇ ਨੂੰ ਕਲੰਕਿਤ ਕਰਨਾ ਅਤੇ ਖ਼ਾਲਸਈ ਸੂਰਮਗਤੀ ਨੂੰ ਨਿੱਘਰਦੀ ਕਲਾ ਵਿਚ ਲੈ ਜਾਣ ਵਾਂਗ ਹੈ।

ਬੁਨਿਆਦੀ ਰੂਪ ਦੇ ਵਿਚ ਸਿੱਖ ਪਰੰਪਰਾ ਅੰਦਰ 'ਟੋਪੀ' ਪਹਿਨਣ ਨੂੰ ਅਹਿਮ ਵਰਜਿਤ ਕਰਮ ਮੰਨਿਆ ਗਿਆ ਹੈ। ਸਿੱਖ ਦੀ ਰਹਿਤ ਸਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਗੁਰਸਿੱਖਾਂ ਵਲੋਂ ਸਤਿਗੁਰਾਂ ਦੀ ਆਗਿਆ ਨਾਲ ਲਿਖੇ ਗਏ ਰਹਿਤਨਾਮਿਆਂ ਵਿਚ 'ਟੋਪੀ' ਪਹਿਨਣ ਨੂੰ ਵੱਡਾ ਘ੍ਰਿਣਿਤ ਕਰਮ ਮੰਨਦਿਆਂ ਇਉਂ ਕਿਹਾ ਗਿਆ ਹੈ:

'ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ।'

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਗੁਰੂ-ਸਾਹਿਬਾਨ ਦੁਆਰਾ ਸਿੱਖਾਂ ਨੂੰ ਦਸਤਾਰ ਸਜਾਉਣ ਸਬੰਧੀ ਵੀ ਬਹੁਤ ਪਵਿੱਤਰ ਤੇ ਸਤਿਕਾਰਤ ਮਰਿਆਦਾ ਦਿੱਤੀ ਗਈ ਹੈ। ਦਸਤਾਰ ਨੂੰ ਵੀ ਇਕ-ਇਕ ਲੜ ਕਰਕੇ ਹੀ ਬੰਨ੍ਹਣਾ ਹੈ ਅਤੇ ਇਸੇ ਤਰ੍ਹਾਂ ਹੀ ਇਕੱਲੇ-ਇਕੱਲੇ ਲੜ ਨਾਲ ਉਤਾਰਨਾ ਹੈ। ਦਸਤਾਰ ਨੂੰ ਟੋਪੀ ਵਾਂਗ ਸਿਰ ਉੱਪਰ ਸਜਾਉਣਾ ਤੇ ਉਤਾਰਨਾ ਮਨਾਹੀਯੋਗ ਹੈ। ਰਹਿਤਨਾਮਿਆਂ ਅਤੇ ਹੋਰ ਗ੍ਰੰਥਾਂ ਵਿਚ ਹਵਾਲਿਆਂ ਸਹਿਤ ਲਿਖਿਆ ਹੈ:

'ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।'

(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਭਾਈ ਦਯਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ:

'ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ।'

ਪੰਥ-ਪ੍ਰਵਾਨਿਤ 'ਸਿੱਖ ਰਹਿਤ ਮਰਿਆਦਾ' ਵਿਚ ਬੇਸ਼ੱਕ ਸਿੱਖਾਂ ਦੇ ਲਈ ਕੋਈ ਵਿਸ਼ੇਸ਼ 'ਡਰੈੱਸ ਕੋਡ' ਤਾਂ ਨਹੀਂ ਦਿੱਤਾ ਗਿਆ ਪਰ ਇਕ ਗੱਲ ਬੜੀ ਸਪਸ਼ਟ ਰੂਪ ਵਿਚ ਲਿਖੀ ਗਈ ਹੈ ਕਿ ਦਸਤਾਰ ਅਤੇ ਕਛਹਿਰੇ ਦੀ ਮਰਿਆਦਾ ਨੂੰ ਸਿੱਖ ਕਦੇ ਵੀ ਤਿਆਗ ਨਹੀਂ ਸਕਦਾ। ਦੇਖੋ; ਸਿੱਖ ਰਹਿਤ ਮਰਿਆਦਾ ਦੇ ਦੋ ਨੰਬਰ ਸਿਰਲੇਖ 'ਗੁਰਮਤਿ ਦੀ ਰਹਿਣੀ' ਦੀ ਸਾਰਣੀ (ਣ) 'ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁੱਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ।' ਸੋ, ਜਿਹੜਾ ਰਹਿਤਵਾਨ ਗੁਰਸਿੱਖ ਫ਼ੌਜ ਵਿਚ ਸ਼ਾਮਲ ਹੋ ਕੇ ਦੇਸ਼ ਦੀ ਸੇਵਾ ਕਰਨ ਦਾ ਚਾਹਵਾਨ ਹੋਵੇਗਾ ਤਾਂ ਉਹ ਕਿੰਜ ਇਹ ਮਨਜ਼ੂਰ ਕਰ ਲਵੇਗਾ ਕਿ ਉਸ ਨੂੰ ਦਸਤਾਰ ਦੀ ਥਾਂ ਜਾਂ ਦਸਤਾਰ ਦੇ ਉੱਪਰੋਂ ਦੀ ਲੋਹ-ਟੋਪ ਪਾਉਣਾ ਪਵੇ?

ਜਿੱਥੋਂ ਤੱਕ ਗੱਲ ਹੈ, ਅੱਜ ਵੀ ਕੁਝ ਵਿਦਵਾਨ ਜੋ ਇਹ ਦਲੀਲ ਦੇ ਰਹੇ ਹਨ ਕਿ ਪੁਰਾਣੇ ਸਮਿਆਂ ਦੇ ਅੰਦਰ ਵੀ ਸਿੱਖ ਜੰਗੀ ਹਾਲਾਤਾਂ ਵਿਚ ਲੋਹ-ਟੋਪ ਪਾਉਂਦੇ ਸਨ, ਤਾਂ ਇਸ ਸਬੰਧੀ ਕੋਈ ਵੀ ਪੁਖ਼ਤਾ ਇਤਿਹਾਸਕ ਪ੍ਰਮਾਣ ਸਾਹਮਣੇ ਨਹੀਂ ਆਉਂਦਾ। ਜਿਵੇਂ ਦੂਜੀ ਸੰਸਾਰ ਜੰਗ ਵੇਲੇ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਾਉਣ ਲਈ ਮਨਾਉਣ ਵਾਸਤੇ ਡਾ. ਗੰਡਾ ਸਿੰਘ ਨੇ 'ਖ਼ਾਲਸਾ ਅਖ਼ਬਾਰ' ਵਿਚ ਲੇਖ ਛਾਪ ਕੇ ਇਹ ਦਾਅਵਾ ਕੀਤਾ ਸੀ ਕਿ ਬਾਬਾ ਦੀਪ ਸਿੰਘ ਜੀ ਸ਼ਹੀਦ ਵੀ ਲੋਹ-ਟੋਪ ਪਾਉਂਦੇ ਸਨ ਪਰ ਉਹ ਇਸ ਸਬੰਧੀ ਬਾਅਦ ਵਿਚ ਕੋਈ ਵੀ ਤਸੱਲੀਬਖ਼ਸ਼ ਪ੍ਰਮਾਣ ਪੇਸ਼ ਨਹੀਂ ਕਰ ਸਕੇ ਸਨ। ਬਲਕਿ ਬਾਬਾ ਦੀਪ ਸਿੰਘ ਜੀ ਸ਼ਹੀਦ ਵਲੋਂ ਦਸਤਾਰੇ ਦੇ ਉੱਪਰ ਸਜਾਏ ਜਾਂਦੇ ਸਰਬਲੋਹ ਦੇ ਚੱਕਰ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਹਨ। ਬਾਬਾ ਬੰਦਾ ਸਿੰਘ ਬਹਾਦਰ ਜਾਂ ਉਨ੍ਹਾਂ ਤੋਂ ਬਾਅਦ ਵਾਲੇ ਸਿੱਖ ਜਰਨੈਲ ਦੁਮਾਲਿਆਂ ਦੇ ਉੱਪਰ ਸਰਬਲੋਹੀ ਚੱਕਰ ਜਾਂ ਦੁਮਾਲਿਆਂ ਦੇ ਵਿਚ ਹੀ ਸਰਬਲੋਹ ਦੇ ਸ਼ਸਤਰ ਜ਼ਰੂਰ ਰੱਖਦੇ ਰਹੇ ਹੋਣਗੇ, ਜੋ ਦੁਮਾਲਿਆਂ ਜਾਂ ਦਸਤਾਰਾਂ ਦੇ ਵਿਚ ਹੀ ਸ਼ਾਮਿਲ ਹੁੰਦੇ ਹਨ ਪਰ ਇਹ ਕਿਆਸ ਕਰਨਾ ਕਿ ਪੁਰਾਤਨ ਸ਼ਹੀਦ ਸਿੰਘ ਜਾਂ ਸਿੰਘ ਜਰਨੈਲ ਲੋਹ-ਟੋਪ ਪਾਉਂਦੇ ਹੋਣਗੇ, ਇਹ ਬਿਲਕੁਲ ਮਨਮਤਿ ਤੇ ਖਾਮ-ਖਿਆਲੀ ਤੁੱਲ ਵਿਚਾਰ ਹੋਵੇਗਾ।

ਗੁਰੂ ਸਾਹਿਬਾਨ ਦੇ ਵੇਲੇ ਵੀ ਜੰਗਾਂ-ਯੁੱਧਾਂ ਵਿਚ ਕਿਤੇ ਵੀ ਲੋਹ-ਟੋਪ ਪਾਉਣ ਦੀ ਕੋਈ ਇਤਿਹਾਸਕ ਝਲਕ ਨਹੀਂ ਮਿਲਦੀ। ਬਲਕਿ ਆਪਣੀ ਜਾਨ-ਪ੍ਰਾਣ ਦੇ ਰੱਖਿਅਕ ਅਕਾਲ ਪੁਰਖ ਨੂੰ ਮੰਨਦਿਆਂ ਸੀਸ 'ਤੇ ਦੁਮਾਲੇ ਅਤੇ ਸਰਬਲੋਹੀ ਚੱਕਰ ਸਜਾ ਕੇ ਹੀ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲ ਲੜਦੇ ਰਹੇ ਹਨ। ਜਦਕਿ ਦੂਜੇ ਪਾਸੇ ਉਸ ਵੇਲੇ ਮੁਗ਼ਲ ਲੜਾਕੇ ਲੋਹ-ਟੋਪ ਅਤੇ ਸੰਜੋਆਂ ਪਹਿਨਣ ਦੇ ਬਾਵਜੂਦ ਸਿੱਖਾਂ ਹੱਥੋਂ ਮੈਦਾਨ-ਏ-ਜੰਗ ਵਿਚ ਫ਼ੌਤ ਹੁੰਦੇ ਰਹੇ ਹਨ। ਚਮਕੌਰ ਦੀ ਜੰਗ 'ਚ ਅਹਿਮ ਉਦਾਹਰਣ ਮਿਲਦੀ ਹੈ ਕਿ ਸੰਜੋਅ ਨਾਲ ਤਨ ਢੱਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਏਨੇ ਰੂਹਾਨੀ ਬਲ ਤੇ ਆਤਮਿਕ ਵਿਸ਼ਵਾਸ ਦੇ

ਨਾਲ ਨੇਜ਼ਾ ਮਾਰਿਆ ਕਿ ਉਹ ਲੋਹੇ ਦੇ ਸੰਗਲ਼ਾਂ ਵਾਲੀ ਸੰਜੋਅ ਨੂੰ ਕੱਟ ਕੇ ਪਠਾਨ ਸਿਪਾਹਸਾਲਾਰ ਦੇ ਸੀਨੇ ਦੇ ਆਰ-ਪਾਰ ਹੋ ਗਿਆ ਸੀ। ਇਸੇ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਚਮਕੌਰ ਦੀ ਜੰਗ ਵਿਚ ਹੀ ਲੋਹੇ ਦੀ ਜ਼ਿਰਾਬਕਤ ਦੇ ਨਾਲ ਸਿਰ ਤੋਂ ਪੈਰਾਂ ਤਾਈਂ ਲਪੇਟੇ ਇਕ ਮੁਗ਼ਲ ਜਰਨੈਲ ਨੂੰ ਆਪਣੀ ਸ਼ਮਸ਼ੀਰ ਦੇ ਨਾਲ ਮੁਕਤੀ ਬਖ਼ਸ਼ੀ ਸੀ।

ਸਿੱਖ ਮਿਸਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵੇਲੇ ਜੰਗਾਂ-ਯੁੱਧਾਂ ਦੌਰਾਨ ਸਿੱਖਾਂ ਦੁਆਰਾ ਲੋਹ-ਟੋਪ ਪਾਉਣਾ ਤਾਂ ਦੂਰ ਸਗੋਂ ਇਤਿਹਾਸ 'ਚ ਜ਼ਿਕਰ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਉਮਰ ਆਪਣੇ ਸਿਰ 'ਤੇ ਇਸ ਕਰਕੇ ਬਾਦਸ਼ਾਹੀ ਤਾਜ ਤੱਕ ਨਹੀਂ ਪਹਿਨਿਆਂ ਸੀ ਕਿ ਉਸ ਦੇ ਨਾਲ ਗੁਰੂ ਸਾਹਿਬਾਨ ਵਲੋਂ ਬਖ਼ਸ਼ੀ ਹੋਈ ਦਸਤਾਰ ਦੀ ਪਾਤਸ਼ਾਹੀ ਸ਼ਾਨ ਨੂੰ ਠੇਸ ਪੁੱਜਦੀ ਹੈ। ਭਾਰਤ ਦੀ ਜੰਗ-ਏ-ਆਜ਼ਾਦੀ ਦੌਰਾਨ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਵਿਦਰੋਹ ਦੇ ਦੋਸ਼ 'ਚ ਉਮਰ ਕੈਦ ਹੋਈ ਤਾਂ ਮੁਲਤਾਨ ਜੇਲ੍ਹ 'ਚ ਉਨ੍ਹਾਂ ਨੂੰ ਕੈਦੀਆਂ ਵਾਲੀ ਵਰਦੀ ਸਮੇਤ ਟੋਪੀ ਪਹਿਨਣ ਲਈ ਕਿਹਾ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਬਿਪਤਾ ਕਾਲ ਵੇਲੇ ਜਿਸ ਤਰ੍ਹਾਂ ਵੀ ਧਰਮ ਨਿਭਦਾ ਹੋਵੇ, ਨਿਭਾਅ ਲੈਣਾ ਚਾਹੀਦਾ ਹੈ ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਸਿੱਖ ਦੇ ਧਰਮ ਤੇ ਸਿਦਕ ਦੀ ਪਰਖ ਹੀ ਬਿਪਤਾ ਵੇਲੇ ਹੁੰਦੀ ਹੈ। ਭਾਈ ਸਾਹਿਬ ਨੇ ੪੦ ਦਿਨ ਦੀ ਕੜਾਕੇ ਦੀ ਭੁੱਖ ਹੜਤਾਲ (ਪਾਣੀ ਤੱਕ ਮੂੰਹ ਨੂੰ ਨਹੀਂ ਲਾਇਆ) ਰੱਖ ਕੇ ਆਪਣੇ ਸਿਦਕ ਅਤੇ ਸਿਰੜ ਦੇ ਅੱਗੇ ਜੇਲ੍ਹ ਪ੍ਰਸ਼ਾਸਨ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਅਤੇ ਆਖ਼ਰਕਾਰ ਸਿੱਖ ਕੈਦੀਆਂ ਨੂੰ ਟੋਪੀ ਦੀ ਥਾਂ ਦਸਤਾਰ ਸਮੇਤ ਪੰਜ ਕਕਾਰ ਪਹਿਨਣ ਦੀ ਖੁੱਲ੍ਹ ਦੇ ਦਿੱਤੀ ਗਈ।

ਆਜ਼ਾਦ ਭਾਰਤ ਅੰਦਰ ਫ਼ੌਜ ਦੀਆਂ ਸਿੱਖ ਰੈਜੀਮੈਂਟਾਂ ਨੇ ੧੯੪੮, ੧੯੬੨, ੧੯੬੫, ੧੯੭੧ ਅਤੇ ੧੯੯੯ ਦੀ ਕਾਰਗਿਲ ਜੰਗ ਦੌਰਾਨ ਸਿੱਖੀ ਜਜ਼ਬੇ ਅਤੇ ਰੂਹਾਨੀ ਭਰੋਸੇ ਦੇ ਨਾਲ ਬਗੈਰ ਲੋਹ-ਟੋਪ ਤੋਂ ਅਹਿਮ ਭੂਮਿਕਾ ਨਿਭਾਈ। ਸੰਨ ੧੯੬੫ ਦੀ ਭਾਰਤ-ਪਾਕਿ ਜੰਗ ਦੌਰਾਨ ਜਦੋਂ ਪਾਕਿਸਤਾਨ ਦੁਨੀਆ ਵਿਚ ਅਜਿੱਤ ਸਮਝੇ ਜਾਂਦੇ ਪੈਟਨ ਟੈਂਕਾਂ ਦੇ ਨਾਲ ਲੈੱਸ ਹੋ ਕੇ ਭਾਰੂ ਪੈਂਦਾ ਹੋਇਆ ਸਰਹੱਦ ਤੋਂ ਪੰਜ ਕਿੱਲੋਮੀਟਰ ਭਾਰਤੀ ਖੇਤਰ ਅੰਦਰ ਦਾਖਲ ਹੋ ਗਿਆ ਸੀ ਤਾਂ ਇਕ ਵਾਰ ਤਾਂ ਭਾਰਤੀ ਫ਼ੌਜ ਦੇ ਆਲ੍ਹਾ-ਕਮਾਨਾਂ ਨੇ ਸਵੀਕਾਰ ਕਰ ਲਿਆ ਸੀ ਕਿ ਹੁਣ ਪੰਜਾਬ ਦਾ ਸਰਹੱਦੀ ਜ਼ਿਲ੍ਹਾ ਅੰਮ੍ਰਿਤਸਰ ਤੇ ਕੁਝ ਹੋਰ ਸਰਹੱਦੀ ਇਲਾਕੇ ਤਾਂ ਪਾਕਿਸਤਾਨ ਦੇ ਕਬਜ਼ੇ ਹੇਠ ਜਾਣਗੇ ਹੀ ਪਰ ਹੁਣ ਆਪਣੀ ਫ਼ੌਜ ਨੂੰ ਸਰਹੱਦ ਤੋਂ ਪਿਛਾਂਹ ਹਟਾ ਕੇ ਬਿਆਸ ਦਰਿਆ ਤੱਕ ਲੈ ਆਂਦਾ ਜਾਵੇ ਤਾਂ ਜੋ ਪਾਕਿਸਤਾਨੀ ਫ਼ੌਜ ਦਰਿਆ ਬਿਆਸ ਤੋਂ ਅੱਗੇ ਨਾ ਵੱਧ ਸਕੇ ਪਰ ਉਸ ਵੇਲੇ ਪੱਛਮੀ ਕਮਾਂਡ ਦੇ ਫ਼ੌਜ ਮੁਖੀ ਲੈਫ਼ਟੀਨੈਂਟ ਜਨਰਲ ਹਰਬਖ਼ਸ਼ ਸਿੰਘ ਨੇ ਕੋਈ ਲੋਹ-ਟੋਪ ਨਹੀਂ ਪਹਿਨਿਆ ਹੋਇਆ ਸੀ, ਜਿਨ੍ਹਾਂ ਨੇ ਆਪਣੇ ਆਲ੍ਹਾ ਅਫ਼ਸਰਾਂ ਦੇ ਹੁਕਮ ਨੂੰ ਪਾਸੇ ਰੱਖ ਕੇ ਵਾਹਗਾ ਅਤੇ ਖੇਮਕਰਨ ਸਰਹੱਦੀ ਮੋਰਚਿਆਂ 'ਤੇ ਹੀ ਲੜ ਕੇ ਨਾ-ਸਿਰਫ ਪਾਕਿਸਤਾਨ ਨੂੰ ਲੋਹੇ ਦੇ ਚਣੇ ਚਬਾਉਂਦਿਆਂ ਪੁੱਠੇ ਪੈਰੀਂ ਮੁੜਣ ਲਈ ਮਜਬੂਰ ਕਰ ਦਿੱਤਾ ਬਲਕਿ ਉਨ੍ਹਾਂ ਪੰਜਾਬ ਦੀ ਦੁਬਾਰਾ ਵੰਡ ਹੋਣੋਂ ਵੀ ਰੋਕ ਲਈ। ਭਾਰਤੀ ਫ਼ੌਜਾਂ ਦੇ ਕਮਾਂਡਰ-ਇਨ-ਚੀਫ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਕੇ ਮੌਤ ਨਾਲ ਖੇਡਦਿਆਂ, ਲਗਾਤਾਰ ਅੱਗੇ ਵਧਦੇ ਆ ਰਹੇ ਦੁਸ਼ਮਣ ਨੂੰ ਨਾ-ਸਿਰਫ ਵਾਪਸ ਭਜਾ ਕੇ ਉਸ ਕੋਲੋਂ ਭਾਰਤੀ ਇਲਾਕਾ ਹੀ ਛੁਡਾਉਣ ਬਲਕਿ ਈਚੋਗਿੱਲ ਨਹਿਰ ਤੱਕ ਪਾਕਿਸਤਾਨੀ ਇਲਾਕੇ ਉੱਤੇ ਵੀ ਕਬਜ਼ਾ ਕਰਨ ਅਤੇ ਉਸ ਦੇ ਪੈਟਨ ਟੈਂਕਾਂ ਦੇ 'ਕਬਰਸਤਾਨ' ਬਣਾ ਦੇਣ ਦਾ ਜਜ਼ਬਾ ਤੇ ਸਾਹਸ ਜਨਰਲ ਹਰਬਖ਼ਸ਼ ਸਿੰਘ ਨੂੰ ਸਿੱਖੀ ਵਿਰਸੇ ਤੋਂ ਹੀ ਹਾਸਲ ਹੋਇਆ ਸੀ। ਇਹ ਦਸਤਾਰ ਦਾ ਹੀ ਵਿਸ਼ਵਾਸ ਸੀ। ਜਦੋਂਕਿ ਦੂਜੇ ਪਾਸੇ ਉਸ ਵੇਲੇ ਜਦੋਂ ਪਾਕਿਸਤਾਨੀ ਫ਼ੌਜ ਭਾਰਤ ਦੇ ਸਰਹੱਦੀ ਸੈਕਟਰ ਖੇਮਕਰਨ ਤੋਂ ਪੰਜ ਕਿੱਲੋਮੀਟਰ ਅੱਗੇ ਵੱਧ ਆਈ ਸੀ, ਤਾਂ ਉਸ ਵੇਲੇ ਸਰਹੱਦ 'ਤੇ ਤਾਇਨਾਤ ਭਾਰਤੀ ਫ਼ੌਜ ਦੀ ਇਕ ਲੋਹ-ਟੋਪ ਧਾਰੀਆਂ ਦੀ ਇਕ ਯੂਨਿਟ ਨੇ ਪਿੱਛੇ ਹਟ ਕੇ ਆਪਣੀ ਜਾਨ ਬਚਾਉਣ ਵਿਚ ਭਲਾਈ ਸਮਝੀ ਸੀ। ਸਾਡੀ ਭਾਵਨਾ ਇੱਥੇ ਕਿਸੇ ਗ਼ੈਰ-ਸਿੱਖ ਭਾਈਚਾਰੇ ਦੀ ਬਹਾਦਰੀ ਜਾਂ ਅਣਖ ਨੂੰ ਛੁਟਿਆਉਣਾ ਨਹੀਂ ਬਲਕਿ ਇਹ ਦਰਸਾਉਣਾ ਹੈ ਕਿ ਜੰਗ ਵਿਚ ਲੜਨ ਲਈ ਜਜ਼ਬੇ ਅਤੇ ਦਲੇਰੀ ਦਾ ਹੋਣਾ ਮੁੱਖ ਲੋੜ ਹੈ ਨਾ ਕਿ ਲੋਹ ਟੋਪ ਦਾ ਪਹਿਨਣਾ। ਦਸਤਾਰਧਾਰੀ ਸਿੱਖ ਫ਼ੌਜ ਕਿਸੇ ਵੀ ਰੂਪ ਵਿਚ ਲੋਹ-ਟੋਪਧਾਰੀ ਫ਼ੌਜਾਂ ਨਾਲੋਂ ਬਹਾਦਰੀ ਜਾਂ ਜੰਗ ਦੇ ਮੈਦਾਨ ਵਿਚ ਜੂਝਣ ਦੇ ਜਜ਼ਬੇ ਵਿਚ ਪਿੱਛੇ ਨਹੀਂ ਹੋ ਸਕਦੀ।

ਕਹਿੰਦੇ ਹਨ ਕਿ ਜਿਸ ਵੇਲੇ ਜਨਰਲ ਹਰਬਖ਼ਸ਼ ਸਿੰਘ ਨੂੰ 'ਹੌਟ ਲਾਈਨ' ਰਾਹੀਂ ਫ਼ੌਜ ਦੀ ਆਲ੍ਹਾ-ਕਮਾਨ ਦਾ ਆਦੇਸ਼ ਮਿਲਿਆ ਕਿ ਦੁਸ਼ਮਣ ਫ਼ੌਜ ਆਪਣੇ ਪੈਟਨ ਟੈਂਕਾਂ ਨਾਲ ਭਾਰਤੀ ਖੇਤਰ ਵਿਚ ਲਗਾਤਾਰ ਅੱਗੇ ਵਧਦੀ ਆ ਰਹੀ ਹੈ, ਜਿਸ ਨੂੰ ਹੁਣ ਇੱਥੇ ਹੀ ਰੋਕ ਸਕਣਾ ਮੁਸ਼ਕਿਲ ਹੈ, ਇਸ ਕਰਕੇ ਅੰਮ੍ਰਿਤਸਰ ਛੱਡ ਕੇ ਹੁਣ ਬਿਆਸ ਦਰਿਆ 'ਤੇ ਆ ਕੇ ਮੋਰਚੇ ਲਾ ਲਏ ਜਾਣ ਤਾਂ ਉਸ ਵੇਲੇ ਜਨਰਲ ਹਰਬਖ਼ਸ਼ ਸਿੰਘ ਨੇ ਇਸ ਹੁਕਮ ਨੂੰ ਅਪ੍ਰਵਾਨ ਕਰਦਿਆਂ ਆਖਿਆ ਸੀ ਕਿ, ਅਜੇ ਤਾਂ ਪੰਥ ਪਹਿਲਾਂ ਹੀ ਨਨਕਾਣਾ ਸਾਹਿਬ ਤੇ ਕਰਤਾਰਪੁਰ ਦੇ ਵਿਛੋੜੇ ਨੂੰ ਨਹੀਂ ਭੁੱਲਿਆ ਤੇ ਹੁਣ ਮੈਂ ਅੰਮ੍ਰਿਤਸਰ ਨੂੰ ਵੀ ਪੰਥ ਹੱਥੋਂ ਖੁੱਸਣ ਨਹੀਂ ਦੇ ਸਕਦਾ।

ਇਸੇ ਤਰ੍ਹਾਂ ੧੯੭੧ ਦੀ ਭਾਰਤ-ਪਾਕਿ ਜੰਗ ਦੌਰਾਨ ਪਠਾਨ ਜਰਨੈਲ ਅਮੀਰ ਅਬਦੁੱਲਾ ਖ਼ਾਨ ਨਿਆਜ਼ੀ ਦੀ ਅਗਵਾਈ ਹੇਠ ੯੩ ਹਜ਼ਾਰ ਪਾਕਿਸਤਾਨੀ ਫ਼ੌਜਾਂ ਤੋਂ ਹਥਿਆਰ ਸੁਟਵਾਉਣ ਵਾਲੇ ਭਾਰਤੀ ਫ਼ੌਜ ਦੇ ਜਨਰਲ ਜਗਜੀਤ ਸਿੰਘ ਅਰੋੜਾ, ਦੂਜੀ ਸੰਸਾਰ ਜੰਗ, ੧੯੪੭ ਦੇ ਪਾਕਿਸਤਾਨੀ ਹਮਲੇ, ੧੯੬੨ ਦੀ ਭਾਰਤ-ਚੀਨ ਜੰਗ, ੧੯੬੫ ਅਤੇ ੧੯੭੧ ਦੇ ਭਾਰਤ-ਪਾਕਿਸਤਾਨ ਯੁੱਧ ਅਤੇ ਬੰਗਲਾਦੇਸ਼ ਦੀ ਆਜ਼ਾਦੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਜਨਰਲ ਸੁਬੇਗ ਸਿੰਘ ਨੇ ਵੀ ਏਨੇ ਜੋਖ਼ਮ ਭਰੀਆਂ ਫ਼ੌਜੀ ਕਾਰਵਾਈਆਂ ਦੌਰਾਨ ਵੀ ਕਦੇ ਲੋਹ-ਟੋਪ ਨਹੀਂ ਪਾਇਆ ਸੀ। ਉਨ੍ਹਾਂ ਨੇ ਏਨੇ ਸਾਹਸ ਅਤੇ ਬਹਾਦਰੀ ਭਰੇ ਪ੍ਰਦਰਸ਼ਨ ਸਿਰਫ਼ ਦਸਤਾਰ ਤੋਂ ਮਿਲਦੇ ਰੂਹਾਨੀ ਜਜ਼ਬੇ ਕਾਰਨ ਹੀ ਕੀਤੇ ਸਨ। ਕਾਰਗਿਲ ਜੰਗ ਦੇ ਜੇਤੂ ਸੇਵਾ-ਮੁਕਤ ਬ੍ਰਿਗੇਡੀਅਰ ਮਹਿੰਦਰ ਪ੍ਰਤਾਪ ਸਿੰਘ ਬਾਜਵਾ ਦਾ ਮੰਨਣਾ ਹੈ ਕਿ ਜੰਗ ਦੇ ਮੈਦਾਨ ਵਿਚ ਸਿੱਖ ਫ਼ੌਜੀਆਂ ਨੂੰ ਉਨ੍ਹਾਂ ਦੇ ਅੰਦਰਲਾ ਸਿੱਖੀ ਜਜ਼ਬਾ ਅਤੇ ਦਸਤਾਰ ਦਾ ਸਵੈਮਾਣ ਹੀ ਦੂਜੇ ਫ਼ੌਜੀਆਂ ਨਾਲੋਂ ਨਿਆਰਾਪਣ ਦਿੰਦਾ ਹੈ ਪਰ ਜਦੋਂ ਸਿੱਖ ਫ਼ੌਜੀਆਂ ਨੂੰ ਵੀ ਲੋਹ-ਟੋਪ ਪਹਿਨਾ ਦਿੱਤਾ ਗਿਆ ਤਾਂ ਇਸ ਦੇ ਨਾਲ ਜੰਗ ਦੇ ਮੈਦਾਨ ਵਿਚ ਲੜਨ ਦਾ ਵਿਲੱਖਣ ਤੇ ਅਦਭੁਤ ਵਿਰਾਸਤੀ ਜਜ਼ਬਾ ਸਿੱਖ ਫ਼ੌਜੀਆਂ ਦੇ ਅੰਦਰ ਨਹੀਂ ਰਹੇਗਾ। ਇਸ ਦੇ ਨਾਲ ਦੁਸ਼ਮਣ ਫ਼ੌਜਾਂ ਵਿਚ ਭਾਰਤੀ ਸਿੱਖ ਰੈਜੀਮੈਂਟਾਂ ਦਾ ਜੋ ਖ਼ੌਫ਼ ਹੈ, ਉਹ ਵੀ ਖ਼ਤਮ ਹੋ ਜਾਵੇਗਾ। ਉਹ ਦੱਸਦੇ ਹਨ ਕਿ ਉਨ੍ਹਾਂ ੧੯੯੯ ਵਿਚ ੮-ਸਿੱਖ ਰੈਜੀਮੈਂਟ ਦੇ ਕੇਵਲ ੫੦ ਸਿੱਖ ਜਵਾਨਾਂ ਦੇ ਨਾਲ ਹੀ 'ਟਾਈਗਰ ਹਿੱਲ' ਉੱਪਰ ਜਿੱਤ ਪ੍ਰਾਪਤ ਕਰ ਲਈ ਸੀ, ਜਿਸ ਤੋਂ ਬਾਅਦ ਪਾਕਿਸਤਾਨੀ ਫ਼ੌਜ ਦੇ ਇਕ ਜਰਨੈਲ ਦਾ ਬਿਆਨ ਆਇਆ ਸੀ ਕਿ, ਜਿਸ ਵੇਲੇ ਅਸੀਂ ਟਾਈਗਰ ਹਿੱਲ 'ਤੇ ਪੱਗਾਂ ਵਾਲੇ ਸਿੱਖ ਫ਼ੌਜੀਆਂ ਨੂੰ ਜੈਕਾਰੇ ਲਾਉਂਦੇ ਵੇਖਿਆ ਤਾਂ ਸਾਡਾ ਹੌਸਲਾ ਉਸੇ ਵੇਲੇ ਹੀ ਪਸਤ ਹੋ ਗਿਆ ਸੀ।

੧ ਅਗਸਤ ੨੦੧੦ ਨੂੰ 'ਦ ਟ੍ਰਿਬਿਊਨ' ਅਖ਼ਬਾਰ ਵਿਚ ਸੇਵਾ-ਮੁਕਤ ਮੇਜਰ ਜਨਰਲ ਕੁਲਵੰਤ ਸਿੰਘ ਦਾ ਇਕ ਲੇਖ ਛਪਿਆ ਸੀ, 'Symbol of Faith' (ਵਿਸ਼ਵਾਸ ਦਾ ਪ੍ਰਤੀਕ), ਜਿਸ ਦੇ ਵਿਚ ਉਨ੍ਹਾਂ ਭਾਰਤ ਦੇ ਫ਼ੌਜੀ ਇਤਿਹਾਸ ਅੰਦਰ ਸਿੱਖਾਂ ਦੁਆਰਾ ਦਸਤਾਰ ਤੋਂ ਮਿਲਦੀ ਰੂਹਾਨੀ ਤੇ ਭਾਵਨਾਤਮਿਕ ਸ਼ਕਤੀ ਦੇ ਨਾਲ ਕੀਤੇ ਬਹਾਦਰੀ ਦੇ ਮਹਾਨ ਪ੍ਰਦਰਸ਼ਨਾਂ ਦਾ ਜ਼ਿਕਰ ਕਰਨ ਦੇ ਨਾਲ-

ਨਾਲ ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਸਮੇਂ-ਸਮੇਂ ਸਿੱਖ ਫ਼ੌਜੀਆਂ ਵਲੋਂ ਦਸਤਾਰ ਦੀ ਸ਼ਾਨ ਨੂੰ ਬਹਾਲ ਰੱਖਣ ਲਈ ਲੋਹ-ਟੋਪ ਪਾਉਣ ਦੇ ਵਿਰੁੱਧ ਵੱਡੇ-ਵੱਡੇ ਖ਼ਤਰਿਆਂ ਦੀ ਪ੍ਰਵਾਹ ਨਾ ਕਰਨ ਦੀ ਰੌਂਗਟੇ ਖੜ੍ਹੇ ਕਰਦੀ ਅਦਭੁਤ ਗਾਥਾ ਬਿਆਨੀ ਹੈ। ਉਹ ਲਿਖਦੇ ਹਨ, "ਲੋਹ-ਟੋਪ ਪਹਿਨਣ ਤੋਂ ਇਨਕਾਰ ਕਰਨ ਜਾਂ ਇੱਥੋਂ ਤੱਕ ਕਿ ਇਸ ਨੂੰ ਚੁੱਕਣ ਤੋਂ ਵੀ ਨਾਂਹ ਕਰਨ ਦੇ ਮਹੱਤਵਪੂਰਨ ਮਾਮਲਿਆਂ ਵਿਚੋਂ ਇਕ 25th MT Coy of RIASC (ਅਜੋਕੇ ASC- ਆਰਮੀ ਸਪਲਾਈ ਕੋਰ) ਦੇ ਸਿੱਖਾਂ ਨਾਲ ਸਬੰਧਿਤ ਸੀ, ਜੋ ਕਿ ਚੌਥੀ ਭਾਰਤੀ ਡਿਵੀਜ਼ਨ ਦਾ ਹਿੱਸਾ ਹੈ। ਜੰਗ ਸ਼ੁਰੂ ਹੁੰਦੇ ਹੀ ਇਹ ਯੂਨਿਟ ਮੇਰਠ ਤੋਂ ਮਿਸਰ (Egypt) ਚਲੀ ਗਈ। ਉਸ ਦੇ ਮਿਸਰ ਪਹੁੰਚਣ ਤੋਂ ਬਾਅਦ, ਸਿੱਖਾਂ ਸਮੇਤ ਫ਼ੌਜਾਂ ਨੂੰ ਸਟੀਲ ਦੇ ਲੋਹ-ਟੋਪ ਜਾਰੀ ਕੀਤੇ ਗਏ ਅਤੇ ਸਿੱਖਾਂ ਨੂੰ ਦਸਤਾਰਾਂ ਦੀ ਬਜਾਏ ਇਹ ਪਹਿਨਣ ਦਾ ਆਦੇਸ਼ ਦਿੱਤਾ ਗਿਆ, ਕਿਉਂਕਿ ਉਹ ਸਿਰ ਦੀਆਂ ਸੱਟਾਂ ਤੋਂ ਬਿਹਤਰ ਸੁਰੱਖਿਆ ਦੀ ਪੇਸ਼ਕਸ਼ ਕਰਦੇ ਸਨ। ਸਿੱਖਾਂ ਨੇ ਲੋਹ-ਟੋਪ ਨੂੰ ਛੂਹਣ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਬ੍ਰਿਟਿਸ਼ ਅਫ਼ਸਰਾਂ ਦੀ ਮੌਜੂਦਗੀ ਵਿਚ ਉਨ੍ਹਾਂ ਨੂੰ ਲੱਤ ਮਾਰ ਕੇ ਠੁਕਰਾ ਦਿੱਤਾ। ਉੱਧਰ ਕੰਪਨੀ ਦੇ ਕਮਾਂਡਿੰਗ ਅਫ਼ਸਰ ਮੇਜਰ ਸ਼ਰਟਨ (Major Shirton) ਨੇ ਇਸ ਗੱਲ ਨੂੰ ਆਪਣੇ ਵੱਕਾਰ ਦਾ ਮੁੱਦਾ ਬਣਾਉਂਦਿਆਂ ਸਿੱਖਾਂ ਨੂੰ ਸਬਕ ਸਿਖਾਉਣ ਅਤੇ ਦਸਤਾਰ ਦੀ ਬਜਾਏ ਹੈਲਮਟ ਪਹਿਨਾਉਣ ਲਈ ਦ੍ਰਿੜ੍ਹ ਸੰਕਲਪ ਲੈ ਲਿਆ। ਉਸ ਨੇ ਸਿੱਖਾਂ ਨੂੰ ਹੈਲਮਟ ਪਾਉਣ ਲਈ ਮਨਾਉਣ ਦੇ ਸਾਰੇ ਤਰੀਕੇ ਅਜ਼ਮਾਏ। ਜਦੋਂ ਉਹ ਅਸਫਲ ਹੋ ਗਿਆ ਤਾਂ ਉਸ ਨੇ ਸਬੰਧਿਤ ਆਦੇਸ਼ਾਂ ਨੂੰ ਪੜ੍ਹ ਕੇ ਕਾਨੂੰਨੀ ਹੁਕਮ ਦੀ ਉਲੰਘਣਾ ਕਰਨ 'ਤੇ ਖ਼ਾਸ ਤੌਰ 'ਤੇ ਯੁੱਧ ਦੌਰਾਨ ਸਜ਼ਾ-ਏ-ਮੌਤ ਤੱਕ ਦੇ ਗੰਭੀਰ ਨਤੀਜਿਆਂ ਦੀ ਧਮਕੀ ਦੇ ਦਿੱਤੀ। ਬ੍ਰਿਗੇਡ ਅਤੇ ਡਵੀਜ਼ਨਲ ਕਮਾਂਡਰ ਸਮੇਤ ਚੇਨ ਆਫ਼ ਕਮਾਂਡ ਦੇ ਸਾਰੇ ਅਫ਼ਸਰਾਂ ਨੇ ਸਿੱਖਾਂ ਨੂੰ ਸੰਬੋਧਨ ਕੀਤਾ ਪਰ ਕੋਈ ਵੀ ਸਿੱਖਾਂ ਨੂੰ ਨਹੀਂ ਮਨਾ ਸਕਿਆ, ਜੋ ਲੋਹ-ਟੋਪ ਪਹਿਨਣ ਦੀ ਬਜਾਏ ਗੋਲੀ ਖਾਣ ਨੂੰ ਤਿਆਰ ਸਨ।

ਮੇਜਰ ਸ਼ਰਟਨ ਹਥਿਆਰਬੰਦ ਸਿਪਾਹੀਆਂ ਨੂੰ ਲੈ ਕੇ ਆਇਆ ਅਤੇ ਲੋਹ-ਟੋਪ ਪਾਉਣ ਦੀ ਹਦਾਇਤ ਦੇ ਉਲਟ ਉੱਤਰੇ ਸਿੱਖ ਫ਼ੌਜੀਆਂ ਨੂੰ ਧਮਕੀ ਦਿੱਤੀ ਕਿ ਜੇ ਉਹ ਹੁਕਮਾਂ ਦੀ ਉਲੰਘਣਾ ਕਰਨ ਅਤੇ ਬਰਤਾਨਵੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਨ ਵਰਗੀਆਂ ਗਤੀਵਿਧੀਆਂ ਜਾਰੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਸਿੱਖਾਂ ਨੇ ਉਸ ਨੂੰ ਗੋਲੀ ਚਲਾਉਣ ਦੀ ਚੁਣੌਤੀ ਦਿੱਤੀ। ਇਹ ਸਪਸ਼ਟ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਧਮਕਾਉਣ ਦੀ ਚਾਲ ਸੀ। ਅੰਗਰੇਜ਼ ਜਾਣਦੇ ਸਨ ਕਿ ਯੁੱਧ ਦੇ ਇਸ ਅਹਿਮ ਪੜਾਅ ਅੰਦਰ ਕੋਈ ਵੀ ਗੋਲੀਬਾਰੀ ਕਈ ਹੋਰ ਯੂਨਿਟਾਂ ਵਿਚ ਬਗ਼ਾਵਤ ਨੂੰ ਫੈਲਾ ਦੇਵੇਗੀ। ਆਖ਼ਰ ਅੰਗਰੇਜ਼ਾਂ ਨੇ ਧਰਮ ਦੇ ਆਧਾਰ 'ਤੇ ਫ਼ੌਜੀਆਂ ਨੂੰ ਵੱਖਰਾ ਕਰਕੇ ਏਕਤਾ ਨੂੰ ਤੋੜਨ ਦੀ ਆਪਣੀ ਪੁਰਾਣੀ ਚਾਲ ਚੱਲੀ। ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਨੂੰ ਵੱਖ-ਵੱਖ ਬੈਰਕਾਂ ਵਿਚ ਤਬਦੀਲ ਕਰ ਦਿੱਤਾ ਗਿਆ।

ਬਹੁਤੇ ਸਿੱਖ ਸਿਪਾਹੀ ਪੜ੍ਹੇ-ਲਿਖੇ ਸਨ, ਉਨ੍ਹਾਂ ਨੇ ਸੀਨੀਅਰ ਅਫ਼ਸਰਾਂ ਨਾਲ ਆਪਣੇ ਕੇਸ ਨੂੰ ਤਰਕ ਨਾਲ ਪੇਸ਼ ਕੀਤਾ। ਉਨ੍ਹਾਂ ਨੇ ਦਲੀਲ ਦਿੱਤੀ ਕਿ ਦਸਤਾਰਾਂ ਨੇ ਤੋਪਾਂ ਦੇ ਗੋਲਿਆਂ ਅਤੇ ਹਵਾਈ ਬੰਬਾਰੀ ਤੋਂ, ਜੇਕਰ ਲੋਹ-ਟੋਪ ਨਾਲੋਂ ਬਿਹਤਰ ਨਹੀਂ ਤਾਂ ਘੱਟੋ-ਘੱਟ ਉਸ ਜਿੰਨੀ ਚੰਗੀ ਸੁਰੱਖਿਆ ਲਾਜ਼ਮੀ ਕੀਤੀ ਹੈ। ਸਿੱਖ ਲਈ ਕੇਸ ਪਵਿੱਤਰ ਹਨ ਅਤੇ ਦਸਤਾਰ ਤੋਂ ਸਿਵਾਏ ਕੋਈ ਹੋਰ ਹੈੱਡ ਗੇਅਰ ਕੇਸਾਂ ਦੀ ਸਹੀ ਦੇਖਭਾਲ ਨਹੀਂ ਕਰ ਸਕਦਾ। ਉਨ੍ਹਾਂ ਦਲੀਲ ਦਿੱਤੀ ਕਿ ਸਿੱਖ ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ ਜਿੱਥੇ ਸਿੱਖਾਂ ਨੇ ਦਸਤਾਰ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਸਿੱਖਾਂ ਨੇ ਆਪਣੀ ਦਲੀਲ ਨੂੰ ਇਸ ਅੰਤਿਮ ਸੁਰ ਦੇ ਨਾਲ ਸਮਾਪਤ ਕੀਤਾ, 'ਤੁਸੀਂ ਸਾਡਾ ਸਿਰ ਲਾਹ ਸਕਦੇ ਹੋ, ਸਾਡੀ ਪੱਗ ਨਹੀਂ। ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖਾਂ ਲਈ ਦਸਤਾਰ ਸਜਾਉਣੀ ਲਾਜ਼ਮੀ ਕੀਤੀ ਗਈ ਸੀ।'

ਸਮਰੀ ਕੋਰਟ ਮਾਰਸ਼ਲ ਨੇ ਦਸੰਬਰ, ੧੯੩੯ ਵਿਚ ਮਿਸਰ ਵਿਚ ੫੮ ਸਿੱਖਾਂ ਦਾ ਮੁਕੱਦਮਾ ਚਲਾਇਆ। ਸਜ਼ਾ ਸੁਣਾਉਣ ਤੋਂ ਪਹਿਲਾਂ ਇਸ ਪੜਾਅ 'ਤੇ ਵੀ ਇਹ ਐਲਾਨ ਕੀਤਾ ਗਿਆ ਕਿ ਜਿਹੜੇ ਲੋਕ ਆਪਣੇ ਕੰਮ 'ਤੇ ਵਾਪਸ ਚਲੇ ਜਾਂਦੇ ਹਨ, ਉਨ੍ਹਾਂ ਨੂੰ ਗ਼ਲਤੀ ਲਈ ਮੁਆਫ਼ ਕੀਤਾ ਜਾਵੇਗਾ, ਸਜ਼ਾ ਨਹੀਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਕਰੀਅਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਕੋਈ ਵੀ ਸਿੱਖ ਦਸਤਾਰ ਦੇ ਅੰਦੋਲਨ ਨੂੰ ਰੋਕਣ ਲਈ ਤਿਆਰ ਨਹੀਂ ਸੀ ਅਤੇ ਹਰੇਕ ਅਡੋਲ ਖੜ੍ਹਾ ਰਿਹਾ। ਸਾਰਿਆਂ ਦਾ ਇਕੋ ਨਾਅਰਾ ਸੀ, ਮੌਤ ਮਨਜ਼ੂਰ ਹੈ ਪਰ ਲੋਹ-ਟੋਪ ਨਹੀਂ।"

ਆਜ਼ਾਦ ਭਾਰਤ ਅੰਦਰ ਭਾਰਤੀ ਫ਼ੌਜ ਦੀਆਂ ਸਿੱਖ ਰੈਜੀਮੈਂਟਾਂ ਵਿਚ ਹੁਣ ਤੱਕ ਸਿੱਖ ਰਹਿਤ ਦਾ ਨਾ-ਸਿਰਫ਼ ਖ਼ਿਆਲ ਹੀ ਰੱਖਿਆ ਜਾਂਦਾ ਰਿਹਾ ਹੈ ਸਗੋਂ ਸਿੱਖ ਫ਼ੌਜੀਆਂ ਨੂੰ ਉਸ ਦੀ ਸਖ਼ਤੀ ਨਾਲ ਪਾਲਣਾ ਵੀ ਕਰਵਾਈ ਜਾਂਦੀ ਰਹੀ ਹੈ। ਦੋ ਕੁ ਦਹਾਕੇ ਪਹਿਲਾਂ ਤੱਕ ਤਾਂ ਏਨੀ ਸਖ਼ਤੀ ਹੁੰਦੀ ਸੀ ਕਿ ਸਿੱਖ ਫ਼ੌਜੀਆਂ ਨੂੰ ਛੁੱਟੀ ਭੇਜਣ ਵੇਲੇ ਉਨ੍ਹਾਂ ਦੀ ਦਾੜ੍ਹੀ ਦੀ ਲੰਬਾਈ ਮਾਪੀ ਜਾਂਦੀ ਸੀ ਅਤੇ ਛੁੱਟੀ ਕੱਟ ਕੇ ਵਾਪਸ ਆਉਣ 'ਤੇ ਦੁਬਾਰਾ ਉਸ ਦੀ ਜਾਂਚ ਕੀਤੀ ਜਾਂਦੀ ਸੀ ਕਿ ਕਿਤੇ ਕੋਈ ਸਿੱਖ ਫ਼ੌਜੀ ਚੋਰੀ-ਛੁਪੇ ਦਾੜ੍ਹੀ ਕੱਟਦਾ ਨਾ ਹੋਵੇ। ਪਰ ਸਮੇਂ ਦੇ ਨਾਲ ਹੁਣ ਸਿੱਖ ਰੈਜੀਮੈਂਟਾਂ ਵਿਚ ਵੀ ਬਹੁਤ ਸਾਰੀਆਂ ਢਿੱਲਾਂ ਆ ਗਈਆਂ ਹਨ।

ਯਕੀਨੀ ਤੌਰ 'ਤੇ ਸਿੱਖ ਫ਼ੌਜੀ ਜਵਾਨਾਂ ਦੇ ਪੂਰੇ ਸਿਰ ਨੂੰ ਕਵਰ ਕਰਨ ਵਾਲੇ ਲੋਹ-ਟੋਪ ਉੱਪਰ ਦਿੱਤੇ ਗਏ ਇਤਿਹਾਸਕ, ਸਿਧਾਂਤਕ ਤੇ ਮਰਿਆਦਕ ਪਹਿਲੂਆਂ ਦੀ ਰੌਸ਼ਨੀ ਵਿਚ ਉਨ੍ਹਾਂ ਦੀ ਆਸਥਾ ਅਤੇ ਜਜ਼ਬੇ ਨੂੰ ਠੇਸ ਜ਼ਰੂਰ ਪਹੁੰਚਾਉਣਗੇ। ਭਾਰਤ ਸਰਕਾਰ ਨੂੰ ਇਸ 'ਤੇ ਮੁੜ ਗ਼ੌਰ ਕਰਨਾ ਚਾਹੀਦਾ ਹੈ ਅਤੇ ਇਸ ਦੀ ਬਜਾਇ ਸਿੱਖ ਫ਼ੌਜੀਆਂ ਨੂੰ ਨਵੀਨ ਖੋਜ ਨਾਲ ਬੁਲੇਟ ਪਰੂਫ਼ ਕੱਪੜੇ ਵਿਚ ਵਰਤੇ ਜਾਂਦੇ ਸਾਮਾਨ ਨਾਲ ਤਿਆਰ ਕੀਤਾ ਗਿਆ ਦਸਤਾਰ ਦਾ ਕੱਪੜਾ ਦੇਣ ਬਾਰੇ ਵਿਚਾਰਿਆ ਜਾ ਸਕਦਾ ਹੈ। ਪਿਛਲੇ ਦਿਨੀਂ ਆਈਆਂ ਖ਼ਬਰਾਂ ਮੁਤਾਬਿਕ ਕੈਨੇਡਾ ਵਿਚ ਸਿੱਖ ਖੋਜਕਾਰਾਂ ਨੇ ਹਾਰਲੀ ਡੇਵਿਡਸਨ ਤੇ ਹੋਰਨਾਂ ਨਾਲ ਮਿਲ ਕੇ ਲੋਹ-ਟੋਪ ਦਾ ਜਵਾਬ 'Tough Turban' ਜਾਂ 'ਟਫ਼ ਟਰਬਨ' ਈਜਾਦ ਕਰਕੇ ਦਿੱਤਾ ਹੈ। ਇਸੇ ਤਕਨੀਕ ਨੂੰ ਭਾਰਤੀ ਫ਼ੌਜ ਜਾਂ ਕੰਪਨੀਆਂ ਅੱਗੇ ਬਿਹਤਰ ਕਰਕੇ ਲੋੜੀਂਦੇ ਬਦਲ ਵਜੋਂ ਦਸਤਾਰ ਦੇ ਕੱਪੜੇ ਦੇ ਰੂਪ ਵਿਚ ਤਿਆਰ ਕਰ ਸਕਦੀਆਂ ਹਨ, ਜੋ ਦੁਨੀਆ ਭਰ ਦੇ ਸਿੱਖ ਆਪਣੇ ਕਿੱਤੇ ਦੀ ਲੋੜ ਅਨੁਸਾਰ ਦਸਤਾਰ ਵਾਂਗ ਹੀ ਸਿਰ ਤੇ ਬੰਨ੍ਹ/ਸਜਾ ਸਕਣਗੇ। ਕਿਉਂਕਿ ਬੁਨਿਆਦੀ ਰੂਪ ਵਿਚ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦਾ ਮਸਲਾ ਉਨ੍ਹਾਂ ਦੇ ਧਰਮ, ਮਾਣਮੱਤੇ ਇਤਿਹਾਸ, ਪਛਾਣ ਅਤੇ ਸਿੱਖੀ ਗੌਰਵ ਦੇ ਨਾਲ-ਨਾਲ ਦੇਸ਼ ਸੇਵਾ 'ਚ ਸਮਾਨਤਾ ਦੇ ਮੌਕਿਆਂ 'ਤੇ ਵੀ ਸਵਾਲ ਖੜ੍ਹੇ ਕਰੇਗਾ, ਕਿਉਂਕਿ ਜੇਕਰ ਕੋਈ ਸਿੱਖੀ ਰਹਿਤ ਵਿਚ ਪਰਪੱਕ ਸਿੱਖ ਜਵਾਨ ਫ਼ੌਜ ਰਾਹੀਂ ਦੇਸ਼ ਦੀ ਸੇਵਾ ਕਰਨਾ ਚਾਹੇਗਾ ਤਾਂ ਲਿਹਾਜ਼ਾ ਉਸ ਤੇ ਅੱਗੇ ਦੇਸ਼ ਸੇਵਾ ਜਾਂ ਧਰਮ, ਦੋਵਾਂ ਵਿਚੋਂ ਇਕ ਨੂੰ ਚੁਣਨ ਦਾ ਸੰਕਟ ਵੀ ਜ਼ਰੂਰ ਖੜ੍ਹਾ ਹੋਵੇਗਾ। ਇਕ ਸਿੱਖ ਦੇ ਸਾਹਮਣੇ ਧਰਮ ਤੋਂ ਉੱਪਰ ਕੁਝ ਵੀ ਨਹੀਂ ਹੁੰਦਾ। ਸੰਸਾਰ ਵਿਚ ਸਿੱਖਾਂ ਨੇ ਜਿਸ-ਜਿਸ ਦੇਸ਼ ਅੰਦਰ ਰਹਿ ਕੇ ਉਸ ਦੀ ਆਨ, ਬਾਨ, ਸ਼ਾਨ ਲਈ ਮਾਣਮੱਤਾ ਯੋਗਦਾਨ ਪਾਇਆ ਹੈ, ਉਹ ਕੇਵਲ ਤੇ ਕੇਵਲ ਆਪਣੇ ਧਰਮ ਤੋਂ ਮਿਲੀ ਦੈਵੀ ਪ੍ਰੇਰਨਾ ਸਦਕਾ ਹੀ ਪਾਇਆ ਹੈ। ਹਰੇਕ ਸੇਵਾ, ਭਾਵੇਂ ਉਹ ਸਿਵਲ ਖੇਤਰ ਦੀ ਹੋਵੇ ਤੇ ਭਾਵੇਂ ਫ਼ੌਜੀ, ਸਿੱਖ ਉਸ ਵਿਚ ਸ਼ਾਮਲ ਹੋਣ ਲੱਗਿਆਂ ਇਮਾਨਦਾਰੀ ਤੇ ਵਫ਼ਾਦਾਰੀ ਲਈ ਆਪਣੇ ਧਰਮ ਦੀ ਸਹੁੰ ਹੀ ਚੁੱਕਦੇ ਹਨ ਪਰ ਜੇਕਰ ਧਰਮ ਹੀ ਨਾ ਰਿਹਾ ਤਾਂ ਫਿਰ ਸਿੱਖ ਫ਼ੌਜੀ ਆਪਣੀ ਇਮਾਨਦਾਰੀ ਤੇ ਵਫ਼ਾਦਾਰੀ ਨੂੰ ਆਪਣੇ ਅਕੀਦੇ ਦੇ ਕਿਸ ਧੁਰਵੇ ਦੇ ਨਾਲ ਬੰਨ੍ਹਣਗੇ ?

ਫ਼ੋਨ: ੯੮੭੮੦-੭੦੦੦੮.

# ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ

**ਗੁਰਸਾਗਰ ਸਿੰਘ**

ਭਗਤ ਕਬੀਰ ਜੀ ਦੇ ਇਸ ਕਥਨ ’ਤੇ ਕੋਈ ਕਿੰਤੂ ਨਹੀਂ ਕਰ ਸਕਦਾ ਕਿ ਕਿਸੇ ਨਾਲ ਵੀ ਜ਼ਬਰਦਸਤੀ ਕਰਨਾ, ਧੱਕਾ ਕਰਨਾ, ਜ਼ੋਰ ਕਰਨਾ ਸਹੀ ਤੌਰ ’ਤੇ ਜ਼ੁਲਮ ਹੈ। ਜ਼ੋਰ-ਜ਼ੁਲਮ ਨੂੰ ਕਿਸੇ ਸੂਰਤ ਵਿਚ ਵੀ ਨਿਆਂ ਜਾਂ ਇਨਸਾਫ਼ ਨਹੀਂ ਕਿਹਾ ਜਾ ਸਕਦਾ।

ਮਜ਼ਲੂਮਾਂ ’ਤੇ ਜ਼ੋਰ-ਜ਼ੁਲਮ ਕਰਨ ਵਾਲਿਆਂ ਨੂੰ, ਆਪਣੇ ਕੀਤੇ ਜ਼ੁਲਮਾਂ ਬਦਲੇ ਲੇਖਾ ਦੇਣਾ ਪੈਂਦਾ ਹੈ। ਉਹ ਕਿਸੇ ਸੂਰਤ ਵਿਚ ਵੀ ਆਪਣੀ ਕੀਤੀ ਦਾ ਫ਼ਲ ਭੁਗਤਣ ਤੋਂ ਬਚ ਨਹੀਂ ਸਕਦੇ। ਅਨੇਕਾਂ ਜ਼ੁਲਮ ਕਰਨ ਵਾਲੇ ਪਾਪੀਆਂ ਨੂੰ ਤਾਂ ਇਸੇ ਲੋਕ ਵਿਚ ਹੀ ਕੀਤੀਆਂ ਕਰਤੂਤਾਂ ਦੇ ਫ਼ਲ ਚੱਖਣੇ ਪਏ ਅਤੇ ਉਹ ਬੁਰੀ ਤਰ੍ਹਾਂ ਖੱਜਲ-ਖ਼ੁਆਰ ਹੋ ਕੇ ਮਰੇ। ਕਾਲਖ ਦਾ ਟਿੱਕਾ ਰਹਿੰਦੀ ਦੁਨੀਆ ਤੱਕ ਉਨ੍ਹਾਂ ਨੂੰ ਲੱਗਾ ਹੀ ਰਹਿੰਦਾ ਹੈ। ਜੇ ਕੋਈ ਇਸ ਦੁਨੀਆ ਵਿਚ ਦੂਜਿਆਂ ’ਤੇ ਜ਼ੁਲਮ ਕਮਾਉਂਦਾ ਹੋਇਆ ਬਚ ਨਿਕਲਦਾ ਹੈ ਤਾਂ ਅਸੀਂ ਇਹ ਮਤ ਸਮਝੀਏ ਕਿ ਉਸ ਨੂੰ ਜ਼ੁਲਮ ਫ਼ਲੀ-ਭੂਤ ਹੋ ਗਏ ਹਨ। ਮਨੁੱਖਾਂ ਦੀਆਂ ਕਚਹਿਰੀਆਂ ਵਿਚੋਂ ਤਾਂ ਕੋਈ ਬਚ ਸਕਦਾ ਹੈ, ਪਰ ਉਸ ਅੰਤਰਯਾਮੀ, ਘਟ-ਘਟ ਦੇ ਜਾਨਣਹਾਰ ਪ੍ਰਭੂ ਦੇ ਇਨਸਾਫ਼ ਤੋਂ ਕੋਈ ਕਿਵੇਂ ਭੱਜ ਸਕਦਾ ਹੈ?

ਸ੍ਰੀ ਗੁਰੂ ਰਾਮਦਾਸ ਜੀ ਵਡਹੰਸ ਦੀ ਵਾਰ ਦੀ ੧੪ਵੀਂ ਪਉੜੀ ਵਿਚ ਸਪੱਸ਼ਟ ਕਰਦੇ ਹਨ:

**ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ**
**ਹਰਿ ਦੀਬਾਣਹੁ ਕੋਈ ਕਿਥੈ ਜਾਇਆ... ॥੧੪॥ (ਅੰਕ :੫੯੧)**

ਆਪਣੇ ਜ਼ੋਰ-ਜ਼ੁਲਮ ਨੂੰ ਲੁਕਾਉਣ ਲਈ ਜੇ ਕੋਈ ਬਾਹਰਮੁਖੀ ਧਾਰਮਿਕ ਰਹੁ-ਰੀਤੀ ਜਾਂ ਸ਼ਰ੍ਹਾ-ਸ਼ਰੀਅਤ ਵਿਚ ਪੱਕਾ ਹੋਣ ਦਾ ਬੁਰਕਾ ਪਾ ਲਵੇ ਜਾਂ ਸਮਾਜਿਕ, ਭਾਈਚਾਰਕ ਅਥਵਾ ਸੱਭਿਆਚਾਰਕ ਗੁਣਾਂ ਦਾ ਧਾਰਨੀ ਹੋਣ ਦਾ ਢੋਲ ਵਜਾਉਂਦਾ ਫਿਰੇ ਅਤੇ ਇਉਂ ਆਪਣੇ ਹਮਜੋਲੀਆਂ ਵਿਚ ਕੀਤੇ ਗੁਨਾਹਾਂ ਨੂੰ ਸਵਾਬ ਬਣਾ ਕੇ ਵਿਖਾ ਦੇਵੇ ਤਾਂ ਵੀ ਛਾਤੀ ਦੇ ਜ਼ੋਰ ਨਾਲ ਕੀਤੇ ਕਮਾਏ ਜ਼ੁਲਮ ਕਦੇ ਵੀ ਸਲਾਹੁਣਯੋਗ ਨਹੀਂ ਹੋ ਸਕਦੇ। ਜ਼ੁਲਮ ਨੇ ਜ਼ੁਲਮ ਹੀ ਰਹਿਣਾ ਹੈ। ਔਰੰਗਜ਼ੇਬ ਮੁਸਲਮਾਨਾਂ ਵਿਚ ਇਕ ਪਰਹੇਜ਼ਗਾਰ ਮੁਸਲਮਾਨ ਸਦਾਉਣ ਲਈ ਆਪਣੇ ਆਪ ਵਿਚ ਬੜਾ ਭਾਰੀ ਸ਼ਰ੍ਹਾ-ਸ਼ਰੀਅਤ ਦਾ ਧਾਰਨੀ ਸੀ।

ਪੰਜੇ ਨਮਾਜ਼ਾਂ ਪੜ੍ਹਨੀਆਂ, ਰੋਜ਼ੇ ਰੱਖਣੇ ਅਤੇ ਕੁਰਾਨ ਸ਼ਰੀਫ਼ ਹੱਥੀਂ ਲਿਖਣ ਤੱਕ ਦਾ ਧਾਰਮਿਕ ਢੌਂਗ ਉਸ ਨੇ ਅਖ਼ਤਿਆਰ ਕੀਤਾ ਹੋਇਆ ਸੀ। ਪਰ ਕੀ ਇਨ੍ਹਾਂ ਬਾਹਰਲੇ ਧਾਰਮਿਕ ਕਰਮ-ਧਰਮਾਂ ਤੇ ਰਹੁ-ਰੀਤਾਂ ਧਾਰਨ ਕਰਨ ਨਾਲ ਉਹ ਨੇਕ ਮਨੁੱਖ ਹੋ ਸਕਦਾ ਹੈ? ਕੀ ਉਹ ਇਤਿਹਾਸ ਵਿਚ ਸਤਿਕਾਰਿਆ ਜਾ ਸਕਦਾ ਹੈ? ਅਤੇ ਕੀ ਉਹ ਰੱਬ ਦੀ ਦਰਗਾਹ ਵਿਚ ਕਬੂਲ ਪੈ ਸਕਦਾ ਹੈ? ਜਦਕਿ ਉਸ ਦੇ ਕਾਰਨਾਮੇ ਇਤਿਹਾਸ ਵਿਚ ਉਜਾਗਰ ਹਨ ਕਿ ਕਿਵੇਂ ਉਸ ਨੇ ਰਾਜ-ਗੱਦੀ ਪ੍ਰਾਪਤ ਕਰਨ ਲਈ ਆਪਣੇ ਬਾਪ ਨੂੰ ਕਈ ਸਾਲ ਕੈਦ ਵਿਚ ਭੁੱਖਾ ਤ੍ਰਿਹਾਇਆ ਰੱਖ ਕੇ ਖ਼ਤਮ ਕੀਤਾ, ਆਪਣੇ ਸਕੇ ਭਰਾਵਾਂ ਨੂੰ ਧੋਖੇ, ਫ਼ਰੇਬ ਅਤੇ ਫ਼ੌਜ-ਕਸ਼ੀ ਕਰਕੇ ਮਰਵਾਇਆ। ਰਾਜ-ਗੱਦੀ ਪ੍ਰਾਪਤ ਕਰਕੇ ਹਿੰਦੂ-ਰਾਜ ਨੂੰ ਮੁੜ ਕਦੇ ਵੀ ਹੋਂਦ ਵਿਚ ਨਾ ਆ ਸਕਣ ਵਾਸਤੇ ਉਸ ਨੇ ਹਿੰਦੂਆਂ ਦੀ ਜੜ੍ਹ-ਮੇਖ਼ ਖ਼ਤਮ ਕਰਨ ਦਾ ਤਹੱਈਆ ਕਰ ਲਿਆ। ਹਜ਼ਾਰਾਂ ਮੰਦਰਾਂ ਤੇ ਧਰਮ-ਅਸਥਾਨਾਂ ਨੂੰ ਡੇਗ ਕੇ ਮਸਜਿਦਾਂ ਉਸਾਰੀਆਂ ਅਤੇ ਕਸ਼ਮੀਰ ਦੇ ਹਜ਼ਾਰਾਂ ਪੰਡਤਾਂ ਤੇ ਭਾਰਤ ਦੇ ਲੱਖਾਂ ਹਿੰਦੂਆਂ ਦਾ ਕਤਲ ਕਰਾਇਆ ਜਾਂ ਜ਼ਬਰਦਸਤੀ ਮੁਸਲਮਾਨ ਬਣਾਇਆ। ਔਰੰਗਜ਼ੇਬ ਆਪਣੀਆਂ ਅਜਿਹੀਆਂ ਕਰਤੂਤਾਂ ਕਰਕੇ ਸਦਾ ਦੁਨੀਆ ਦੇ ਸਾਹਮਣੇ ਪਾਪੀ, ਗੁਨਾਹਗਾਰ ਅਤੇ ਜ਼ਾਲਮ ਹੀ ਗਰਦਾਨਿਆ ਜਾਏਗਾ। ਇਤਿਹਾਸ ਕਿਸੇ ਦੇ ਗੁਨਾਹਾਂ ਨੂੰ ਮੁਆਫ਼ ਨਹੀਂ ਕਰ ਸਕਦਾ।

ਜ਼ੋਰ-ਜ਼ੁਲਮ ਨਾਲ ਕਿਸੇ ਦੇ ਦਿਲ ਨੂੰ ਜਿੱਤਿਆ ਨਹੀਂ ਜਾ ਸਕਦਾ। ਪਰ ਇਸ ਦੇ ਉਲਟ ਪ੍ਰੇਮ-ਪਿਆਰ ਅਤੇ ਹਰੇਕ ਨਾਲ ਹਮਦਰਦੀ ਰੱਖਣ ਵਾਲਾ, ਦੂਜਿਆਂ ਦੇ

ਮਜ਼ਲੂਮਾਂ ’ਤੇ ਜ਼ੋਰ-ਜ਼ੁਲਮ ਕਰਨ ਵਾਲਿਆਂ ਨੂੰ, ਆਪਣੇ ਕੀਤੇ ਜ਼ੁਲਮਾਂ ਬਦਲੇ ਲੇਖਾ ਦੇਣਾ ਪੈਂਦਾ ਹੈ। ਉਹ ਕਿਸੇ ਸੂਰਤ ਵਿਚ ਵੀ ਆਪਣੀ ਕੀਤੀ ਦਾ ਫ਼ਲ ਭੁਗਤਣ ਤੋਂ ਬਚ ਨਹੀਂ ਸਕਦੇ। ਅਨੇਕਾਂ ਜ਼ੁਲਮ ਕਰਨ ਵਾਲੇ ਪਾਪੀਆਂ ਨੂੰ ਤਾਂ ਇਸੇ ਲੋਕ ਵਿਚ ਹੀ ਕੀਤੀਆਂ ਕਰਤੂਤਾਂ ਦੇ ਫ਼ਲ ਚੱਖਣੇ ਪਏ ਅਤੇ ਉਹ ਬੁਰੀ ਤਰ੍ਹਾਂ ਖੱਜਲ-ਖ਼ੁਆਰ ਹੋ ਕੇ ਮਰੇ। ਕਾਲਖ ਦਾ ਟਿੱਕਾ ਰਹਿੰਦੀ ਦੁਨੀਆ ਤੱਕ ਉਨ੍ਹਾਂ ਨੂੰ ਲੱਗਾ ਹੀ ਰਹਿੰਦਾ ਹੈ। ਜੇ ਕੋਈ ਇਸ ਦੁਨੀਆ ਵਿਚ ਦੂਜਿਆਂ ’ਤੇ ਜ਼ੁਲਮ ਕਮਾਉਂਦਾ ਹੋਇਆ ਬਚ ਨਿਕਲਦਾ ਹੈ ਤਾਂ ਅਸੀਂ ਇਹ ਮਤ ਸਮਝੀਏ ਕਿ ਉਸ ਨੂੰ ਜ਼ੁਲਮ ਫ਼ਲੀ-ਭੂਤ ਹੋ ਗਏ ਹਨ। ਮਨੁੱਖਾਂ ਦੀਆਂ ਕਚਹਿਰੀਆਂ ਵਿਚੋਂ ਤਾਂ ਕੋਈ ਬਚ ਸਕਦਾ ਹੈ, ਪਰ ਉਸ ਅੰਤਰਯਾਮੀ, ਘਟ-ਘਟ ਦੇ ਜਾਨਣਹਾਰ ਪ੍ਰਭੂ ਦੇ ਇਨਸਾਫ਼ ਤੋਂ ਕੋਈ ਕਿਵੇਂ ਭੱਜ ਸਕਦਾ ਹੈ?

ਧਾਰਮਿਕ, ਸੱਭਿਆਚਾਰਕ, ਭਾਈਚਾਰਕ ਜਜ਼ਬਾਤ ਦਾ ਸਤਿਕਾਰ ਕਰਨ ਵਾਲਾ ਹਰ ਕਿਸੇ ਦੇ ਹਿਰਦੇ ਨੂੰ ਜਿੱਤ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ "ਖ਼ਾਲਸਾ ਰਾਜ" ਸਦਵਾਉਂਦਾ ਸੀ, ਪਰ ਸਹੀ ਅਰਥਾਂ ਵਿਚ ਉਹ ਸਮੁੱਚੇ ਪੰਜਾਬੀਆਂ ਦਾ, ਬਿਨਾਂ ਕਿਸੇ ਵਿਤਕਰੇ ਦੇ ਆਪਣਾ ਸਾਂਝਾ ਰਾਜ ਸੀ।

ਮਹਾਰਾਜੇ ਦੇ ਰਾਜ ਵਿਚ ਕਿਸੇ ਦੇ ਧਰਮ ਨੂੰ ਜ਼ਲੀਲ ਨਹੀਂ ਸੀ ਕੀਤਾ ਜਾਂਦਾ, ਸਗੋਂ ਗੁਰਦੁਆਰੇ ਤੇ ਮੰਦਰ, ਮਸਜਿਦ ਤੇ ਗਿਰਜੇ ਸਭ ਦਾ ਪੂਰਾ-ਪੂਰਾ ਸਤਿਕਾਰ ਰੱਖਿਆ ਜਾਂਦਾ ਸੀ। ਮਹਾਰਾਜੇ ਨੇ ਜਿਥੇ ਗੁਰਦੁਆਰਿਆਂ ਦੀ ਇਮਾਰਤਾਂ ਲਈ ਸੰਗਮਰਮਰ, ਸੋਨਾ ਤੇ ਜਗੀਰਾਂ ਦਾਨ ਕੀਤੀਆਂ ਉਥੇ ਮੰਦਰਾਂ ਤੇ ਮਸਜਿਦਾਂ ਲਈ ਵੀ ਉਹ ਰੱਜ ਕੇ ਸਹਾਇਤਾ ਦਿੰਦਾ ਰਿਹਾ। ਮਹਾਰਾਜੇ ਦੇ ਰਾਜ ਵਿਚ ਕਿਸੇ ਇਕ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਉਸ ਦੀ ਵਜ਼ਾਰਤ ਵਿਚ ਗ੍ਰਹਿ ਤੇ ਵਿਦੇਸ਼ ਮੰਤਰੀ ਦੋਵੇਂ ਮੁਸਲਮਾਨ ਸਨ, ਤੋਪਖ਼ਾਨੇ ਦਾ ਜਰਨੈਲ ਮੁਸਲਮਾਨ ਅਤੇ ਵੱਡਾ ਡਾਕਟਰ ਇਕ ਫ਼ਿਰੰਗੀ ਸੀ। ਉਸ ਦੀਆਂ ਫ਼ੌਜਾਂ ਵਿਚ ਫ਼ਿਰੰਗੀ ਜਰਨੈਲ, ਕਈ ਹਿੰਦੂ ਜਰਨੈਲ, ਅਤੇ ਫਿਰ ਪ੍ਰਧਾਨ ਮੰਤਰੀ ਡੋਗਰਾ ਜਰਨੈਲ ਸੀ; ਭਾਵੇਂ ਇਹ ਡੋਗਰੇ-ਭਰਾ, ਪਿੱਛੋਂ ਅਕ੍ਰਿਤਘਣ ਹੀ ਸਾਬਤ ਹੋਏ ਅਤੇ ਪੂਰੀ ਤਰ੍ਹਾਂ ਗ਼ੱਦਾਰੀ ਕਰਕੇ ਸਿੱਖ ਰਾਜ ਦੀ ਬਰਬਾਦੀ ਦਾ ਕਾਰਨ ਬਣੇ।

ਦੁਨੀਆ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰੌਸ਼ਨ-ਮੁਨਾਰੇ ਵਾਂਗ ਚਮਕਦਾ ਰਹੇਗਾ। ਉਸ ਦਾ ਸਭ ਕੌਮਾਂ ਨਾਲ ਇਕੋ ਜਿਹਾ ਪੂਰਾ-ਪੂਰਾ ਇਨਸਾਫ਼ ਦੁਨੀਆ ਭੁੱਲ ਨਹੀਂ ਸਕਦੀ। ਉਸ ਦੇ ਸੁਲਝੇ ਹੋਏ ਨਮੂਨੇ ਦੇ ਰਾਜ-ਪ੍ਰਬੰਧ ਨੂੰ ਪੜ੍ਹ ਸੁਣ ਕੇ ਹਿੰਦੂਆਂ, ਮੁਸਲਮਾਨਾਂ ਤੇ ਅੰਗਰੇਜ਼ ਇਤਿਹਾਸਕਾਰਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਉਸ ਦੇ ਰਾਜ ਵਿਚ ਹਰੇਕ ਕੌਮ ਤੇ ਮਨੁੱਖ ਮਾਤਰ ਨਾਲ ਆਦਰ-ਸਤਿਕਾਰ ਤੇ ਪਿਆਰ ਵਾਲਾ ਵਰਤਾਉ ਦੁਨੀਆ ਨੂੰ ਹੈਰਾਨ ਕਰੀ ਜਾਂਦਾ ਹੈ।

ਸਿੱਟੇ ਦੀ ਗੱਲ ਇਹੋ ਹੈ ਕਿ ਕਿਸੇ ਦੇ ਹਿਰਦੇ ਨੂੰ ਪ੍ਰੇਮ-ਪਿਆਰ ਨਾਲ ਅਤੇ ਉਸ ਦੇ ਜਜ਼ਬਾਤ ਦਾ ਸਤਿਕਾਰ ਰੱਖ ਕੇ ਹੀ ਜਿੱਤਿਆ ਜਾ ਸਕਦਾ ਹੈ। ਆਖ਼ਰੀ ਫ਼ਤਹਿ ਪ੍ਰੇਮ-ਪਿਆਰ ਨਾਲ ਹੀ ਹੋਣੀ ਹੈ,

**ਜ਼ੋਰ-ਜ਼ੁਲਮ ਨਾਲ ਕਿਸੇ ਦੇ ਦਿਲ ਨੂੰ ਜਿੱਤਿਆ ਨਹੀਂ ਜਾ ਸਕਦਾ। ਪ੍ਰੇਮ-ਪਿਆਰ ਅਤੇ ਹਰੇਕ ਨਾਲ ਹਮਦਰਦੀ ਰੱਖਣ ਵਾਲਾ, ਦੂਜਿਆਂ ਦੇ ਧਾਰਮਿਕ, ਸੱਭਿਆਚਾਰਕ, ਭਾਈਚਾਰਕ ਜਜ਼ਬਾਤ ਦਾ ਸਤਿਕਾਰ ਕਰਨ ਵਾਲਾ ਹਰ ਕਿਸੇ ਦੇ ਹਿਰਦੇ ਨੂੰ ਜਿੱਤ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ "ਖ਼ਾਲਸਾ ਰਾਜ" ਸਹੀ ਅਰਥਾਂ ਵਿਚ ਸਮੁੱਚੇ ਪੰਜਾਬੀਆਂ ਦਾ, ਬਿਨਾਂ ਕਿਸੇ ਵਿਤਕਰੇ ਦੇ, ਆਪਣਾ ਸਾਂਝਾ ਰਾਜ ਸੀ। ਕਿਸੇ ਦੇ ਧਰਮ ਨੂੰ ਜ਼ਲੀਲ ਨਹੀਂ ਸੀ ਕੀਤਾ ਜਾਂਦਾ, ਸਗੋਂ ਗੁਰਦੁਆਰੇ ਤੇ ਮੰਦਰ, ਮਸਜਿਦ ਤੇ ਗਿਰਜੇ ਸਭ ਦਾ ਪੂਰਾ-ਪੂਰਾ ਸਤਿਕਾਰ ਰੱਖਿਆ ਜਾਂਦਾ ਸੀ।**

ਜ਼ੋਰ-ਜ਼ੁਲਮ ਨਾਲ ਕੋਈ ਵੀ ਮਸਲਾ ਹੱਲ ਨਹੀਂ ਕੀਤਾ ਜਾ ਸਕਦਾ। ਜਨ-ਸਾਧਾਰਨ ਅਤੇ ਮਜ਼ਲੂਮ ਲੋਕੀਂ ਜ਼ੋਰ-ਜ਼ੁਲਮ ਨਾਲ ਕੁਝ ਚਿਰ ਲਈ ਦਬਾਏ ਤਾਂ ਜਾ ਸਕਦੇ ਹਨ, ਪਰ ਉਨ੍ਹਾਂ ਦੇ ਅੰਦਰਲੇ ਉਬਾਲ ਜਵਾਲਾ-ਮੁਖੀ ਵਾਂਗ ਅੰਦਰੇ ਅੰਦਰ ਖੋਲਦੇ ਰਹਿੰਦੇ ਹਨ, ਅਤੇ ਸਮਾਂ ਪਾ ਕੇ ਉਹ ਐਸੇ ਲਾਵਾ ਰੂਪ ਹੋ ਕੇ ਪ੍ਰਗਟ ਹੁੰਦੇ ਹਨ ਕਿ ਸਭ ਕਾਸੇ ਨੂੰ ਸਾੜ ਫੂਕ ਕੇ ਸੁਆਹ ਕਰ ਦਿੰਦੇ ਹਨ।

ਇਤਿਹਾਸ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰ ਅਨੇਕਾਂ ਸ਼ਹੀਦੀਆਂ ਤੋਂ ਬਾਅਦ ਜ਼ੋਰ-ਜ਼ੁਲਮ ਦੀ ਹਨੇਰੀ ਚੱਲਦੀ ਹੀ ਰਹੀ। ਸਿੱਖਾਂ ਨੂੰ ਖ਼ਤਮ ਕਰਦਾ ਕਰਦਾ ਉਹ ਆਪ ਖ਼ਤਮ ਹੋ ਗਿਆ।

ਖ਼ਾਨ ਬਹਾਦਰ ਤੋਂ ਪਿੱਛੋਂ ਉਸ ਦੇ ਪੁੱਤਰ ਯਾਹੀਆ ਖ਼ਾਨ ਨੇ ਬਾਪ ਦੇ ਕਦਮਾਂ 'ਤੇ ਚਲਦਿਆਂ ਜ਼ੋਰ-ਜ਼ੁਲਮ ਕਰਨ ਵਿਚ ਕੋਈ ਕਸਰ ਨਾ ਛੱਡੀ ਅਤੇ ਅਖ਼ੀਰ ਸਭ ਪਾਸਿਆਂ ਤੋਂ ਸਿੰਘਾਂ ਨੂੰ ਘੇਰ ਕੇ ਕਾਹਨੂੰਵਾਨ ਲਾਗੇ ਇਕੱਠਾ ਕਰਕੇ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਯਤਨ ਕੀਤਾ। ਇਸ ਸਮੇਂ ਹਜ਼ਾਰਾਂ ਹੀ ਸਿੰਘ ਜ਼ਾਲਮਾਂ ਦਾ ਟਾਕਰਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ, ਪਰ ਸਿੱਖ ਫਿਰ ਵੀ ਨਾ ਮੁੱਕੇ।

ਇਸੇ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੇ ਜ਼ੋਰ-ਜ਼ੁਲਮ ਦਾ ਚੱਕਰ ਚਲਾਇਆ ਅਤੇ ਉਸ ਨੇ ਸਿੱਖਾਂ ਦਾ ਬੀਜ-ਨਾਸ ਕਰਨ ਲਈ ਤਹੱਈਆ ਕਰ ਲਿਆ। ਉਸ ਨੇ ਸਿੰਘਾਂ ਨੂੰ ਧੋਖੇ ਨਾਲ ਸਭ ਪਾਸਿਆਂ ਤੋਂ ਘੇਰ-ਘਾਰ ਕੇ ਕੁੱਪ ਰੋਹੀੜੇ ਲਾਗੇ ਇਕੱਠਾ ਕਰ ਲਿਆ ਅਤੇ ਪੂਰੀ ਤਰ੍ਹਾਂ ਸਿੱਖਾਂ ਨੂੰ ਤਬਾਹ ਕਰਨ ਲਈ ਸਾਰੇ ਨਾਕੇ ਰੋਕ ਲਏ। ਸਿੱਖਾਂ ਨੇ ਜਾਨਾਂ ਤਲੀ 'ਤੇ ਰੱਖ ਕੇ ਇਥੇ ਖ਼ੂਨ-ਡੋਲ੍ਹਵਾਂ ਟਾਕਰਾ ਕੀਤਾ। ਇਸ ਟਾਕਰੇ ਵਿਚ ਸਿੰਘ ੧੮-੨੦ ਹਜ਼ਾਰ ਦੇ ਕਰੀਬ ਸ਼ਹੀਦੀਆਂ ਪਾ ਗਏ। ਪਰ ਸਿੱਖ ਫ਼ਿਰ ਵੀ ਖ਼ਤਮ ਨਾ ਹੋ ਸਕੇ।


ਫਿਰ ਮੀਰ ਮੰਨੂੰ ਨੇ ਸਿੱਖਾਂ ਦੀ ਅਣਖ ਮੁਕਾਉਣ ਲਈ ਆਪਣੀ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਹਜ਼ਾਰਾਂ ਸਿੰਘ-ਸਿੰਘਣੀਆਂ ਤੇ ਬੱਚੇ ਫੜ ਕੇ ਲਾਹੌਰ ਮੰਗਵਾਏ ਜਾਂਦੇ ਅਤੇ ਲਾਹੌਰ ਦੇ ਨਖਾਸ ਚੌਕ ਵਿਚ ਭਾਰੀ ਤਸੀਹੇ ਦੇ ਕੇ ਜ਼ੁਲਮ ਕਮਾਏ ਜਾਂਦੇ ਰਹੇ, ਪਰ ਸਿੱਖ ਫ਼ਿਰ ਵੀ ਡੋਲੇ ਜਾਂ ਘਬਰਾਏ ਨਹੀਂ ਅਤੇ ਚੜ੍ਹਦੀਆਂ ਕਲਾ ਵਿਚ ਪੁਕਾਰਦੇ ਰਹੇ:

**ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।**
**ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।**

ਮੁਗ਼ਲ ਰਾਜ ਵਲੋਂ ਏਡੇ ਭਾਰੀ ਜ਼ੁਲਮ ਕਮਾਉਣ ਤੋਂ ਬਾਅਦ ਉਨ੍ਹਾਂ ਦਾ ਜੋ ਹਸ਼ਰ ਹੋਇਆ, ਉਹ ਦੁਨੀਆਂ ਦੇ ਸਾਹਮਣੇ ਹੈ। ਉਨ੍ਹਾਂ ਦਾ ਆਪਣਾ ਖੁਰਾ-ਖੋਜ ਮਿੱਟ ਗਿਆ, ਪਰ ਉਨ੍ਹਾਂ ਦੇ ਜ਼ੁਲਮਾਂ ਦੇ ਕਿੱਸਿਆਂ ਨਾਲ ਇਤਿਹਾਸ ਦੇ ਵਰਕੇ ਭਰੇ ਪਏ ਹਨ। ਦੂਜੇ ਪਾਸੇ ਮਜ਼ਲੂਮ ਸਿੱਖ ਆਪਣੇ ਉੱਚੇ ਸੁੱਚੇ ਜੀਵਨ ਅਤੇ ਮਨੁੱਖ ਮਾਤਰ ਨਾਲ ਪ੍ਰੇਮ-ਪਿਆਰ ਦਾ ਵਿਹਾਰ ਕਰਨ ਸਦਕਾ ਹਰੇਕ ਵਲੋਂ ਪਿਆਰੇ-ਸਤਿਕਾਰੇ ਗਏ ਅਤੇ ਹਲੇਮੀ ਖ਼ਾਲਸਾ ਰਾਜ ਦਾ ਨਮੂਨਾ ਪੇਸ਼ ਕਰ ਗਏ।

ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਭਗਤ ਕਬੀਰ ਜੀ ਨੇ ਕਿਸ ਭਾਵ ਨੂੰ ਉਜਾਗਰ ਕਰਨ ਲਈ ਇਹ ਸਲੋਕ ਉਚਾਰਿਆ:

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥**
**(ਸਲੋਕ ਕਬੀਰ ਜੀ, ਅੰਕ : ੧੩੭੫)**



ੴ ਵਾਹਿਗੁਰੂ ਜੀ ਕੀ ਫ਼ਤਹਿ ॥

ਦਫ਼ਤਰ

ਸ੍ਰੀ ਅਕਾਲ ਤਖ਼ਤ ਸਾਹਿਬ

Office: SRI AKAL TAKHAT SAHIB, AMRITSAR



ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਅ:ਤ/08/3143. ਮਿਤੀ 6-6-08.

ਅੱਜ ਮਿਤੀ ੨੩ ਜੇਠ ਸੰਮਤ ਨਾਨਕਸ਼ਾਹੀ ੫੪੦ (੦੬ ਜੂਨ ੨੦੦੮) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਵਿਚ ਪ੍ਰਵਾਨ ਕੀਤਾ ਗਿਆ

ਗੁਰਮਤਾ - ੧

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁੱਚੇ ਸਿੱਖ ਪੰਥ ਲਈ **"ਗੁਰੂ ਗ੍ਰੰਥ-ਗੁਰੂ ਪੰਥ"** ਦੇ ਸਿਧਾਂਤ ਪ੍ਰਤੀ ਵਚਨਬੱਧਤਾ ਪ੍ਰਗਟਾਉਣ ਦਾ ਸੁਨਹਿਰੀ ਮੌਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ **"ਸਭ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ"** 'ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵਿਰਤੀ ਲਈ ਸਰਬ-ਕਲਾ ਸਮਰੱਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਨੁਮਾਈ ਹਾਸਲ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾਂ ਰਚਨਾਵਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾਂ ਬਾਰੇ ਕਿਸੇ ਨੂੰ ਵੀ ਵਾਦ-ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀਂ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀਂ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।

(ਜੋਗਿੰਦਰ ਸਿੰਘ)
ਜਥੇਦਾਰ

ਫੋਨ/ਫੈਕਸ ਦਫ਼ਤਰ : 91-183-2540820, ਪੀ.ਬੀ.ਐਕਸ : 91-183-2553957, 58, 59 ਐਕਸਟੈਨਸ਼ਨ : ਦਫ਼ਤਰ 434


# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

SO KAHIYAT HAI SOORA is Online available at:
1.www.akj.org 2.www.akjmagazine.com
3.Face book 4.Whatsapp



Postal Registration No.CHD/0178/2015-2017

# ਸਾਲਾਨਾ ਅਖੰਡ ਕੀਰਤਨ ਸਮਾਗਮ

# ਬਠਿੰਡਾ ਵਿਖੇ

## ਮਿਤੀ: 21 ਫਰਵਰੀ 2023, ਸਵੇਰ ਤੋਂ 26 ਫਰਵਰੀ 2023 ਤੱਕ

## ਸਮੁੱਚੇ ਸਮਾਗਮ ਦਾ ਵੇਰਵਾ

| | |
|---|---|
| 21-2-23 | ਕੀਰਤਨ ਆਸਾ ਦੀ ਵਾਰ 4 ਵਜੇ ਤੋਂ 7 ਵਜੇ ਤੱਕ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ। |
| 23-2-23 | ਸਵੇਰੇ : ਭੋਗ ਸ਼੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ<br>ਸ਼ਾਮ : ਕੀਰਤਨ ਗੁ: ਹਾਜੀ ਰਤਨ ਪਾ: ਦਸਵੀਂ 6 ਵਜੇ ਤੋਂ 8 ਵਜੇ ਤੱਕ |
| 24-2-23 | ਕੀਰਤਨ ਸਵੇਰੇ 8 ਵਜੇ ਤੋਂ 2 ਵਜੇ ਤੱਕ ਤਖਤ ਸ਼੍ਰੀ ਦਮਦਮਾ ਸਾਹਿਬ<br>ਕੀਰਤਨ ਸ਼ਾਮ 5 ਵਜੇ ਤੋਂ 8 ਵਜੇ ਤੱਕ ਗੁ: ਸਿਵਲ ਸਟੇਸ਼ਨ, ਗੁਰੂ ਨਾਨਕ ਪਬਲਿਕ ਸਕੂਲ |
| 25-2-23 | ਕੀਰਤਨ ਸਵੇਰੇ 8 ਵਜੇ ਤੋਂ 2 ਵਜੇ ਤੱਕ ਗੁ: ਕਿਲ੍ਹਾ ਮੁਬਾਰਕ ਪਾ: ਦਸਵੀਂ |

**ਰੈਣ ਸਬਾਈ ਕੀਰਤਨ** 25 ਫਰਵਰੀ ਸ਼ਾਮ 6 ਵਜੇ ਆਰੰਭ ਹੋਣਗੇ। ਗੁਰਦੁਆਰਾ ਸਿੰਘ ਸਭਾ, ਬਠਿੰਡਾ ਵਿਖੇ।

**ਅੰਮ੍ਰਿਤ ਸੰਚਾਰ ਸਮਾਗਮ 25 ਫਰਵਰੀ ਸ਼ਾਮ 6 ਵਜੇ ਆਰੰਭ ਹੋਣਗੇ**

**ਰਿਹਾਇਸ਼ ਅਤੇ ਲੰਗਰ** ਗੁਰਦੁਆਰਾ ਸਿੰਘ ਸਭਾ, ਬਠਿੰਡਾ ਵਿਖੇ ਹੋਵੇਗਾ।

ਸਿੱਧਾ ਪ੍ਰਸਾਰਨ : **www.akj.org** ਤੇ ਦੇਖ ਸਕਦੇ ਹੋ

ਅੰਮ੍ਰਿਤ ਵੇਲਾ ਸਮਾਗਮ
21 ਫਰਵਰੀ ਤੋਂ 26 ਫਰਵਰੀ 2023 ਤੱਕ
ਸਵੇਰੇ 2 ਵਜੇ ਤੋਂ 5 ਵਜੇ ਤੱਕ

ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ
ਗੁ: ਸਿੰਘ ਸਭਾ ਬਠਿੰਡਾ ਤੋਂ
ਬੱਸਾਂ ਜਾਣਗੀਆਂ।

**ਦਾਸਰੇ : ਅਖੰਡ ਕੀਰਤਨੀ ਜੱਥਾ ਅਤੇ ਸਮੂਹ ਸਾਧ ਸੰਗਤ, ਬਠਿੰਡਾ।**

**ਸਹਿਯੋਗ: ਗੁਰਦੁਆਰਾ ਪ੍ਰਬੰਧਕ ਕਮੇਟੀ, ਗੁ: ਸਿੰਘ ਸਭਾ, ਬਠਿੰਡਾ।**

ਪੁੱਛਗਿੱਛ: 94632-14774, 98150-17227, 78889-40067, 98724-48866